ੴ ਵਾਹਿਗੁਰੂ ਜੀ ਕੀ ਫਤਹ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ,
ਸੋ ਕਹੀਅਤ ਹੈ ਸੂਰਾ ॥

# ਸੂਰਾ

ਪਟਿਆਲਾ

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ
ਅਖੰਡ ਕੀਰਤਨੀ ਜਥਿਆਂ ਦੀ ਸਰਪ੍ਰਸਤੀ ਹੇਠ

ਮਾਸਕ ਪੱਤਰ

www.AKJ.org
www.AKJ.Org

# ਲੇਖ ਸੂਚੀ


| ਨੰਬਰ | ਲਖ | ਪੰਨਾ | ਲੇਖਕ |
|---|---|---|---|
| ੧. | ਸੰਪਾਦਕੀ ਨੋਟ | ੩ | ਸੰਪਾਦਕ |
| ੨. | ਗੁਰੂ ਨਾਨਕ ਮਹਿਮਾ | ੬ | ਗੁਰਬਾਣੀ |
| ੩. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹਨ। | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੪. | ਗੁਰਬਾਣੀ | ੧੧ | ਭਾਈ ਗੁਰਮੁਖ ਸਿੰਘ ਜੀ M.A.B.ED. ਪਟਿਆਲਾ। |
| ੫. | ਗੁਰੂ ਨਾਨਕ ਦੇਵ ਜੀ ਦਾ ਮਾਨਵਾਦ | ੧੪ | ਪ੍ਰੋ. ਕੁਲਦੀਪ ਕੌਰ ਜੀ M.A.M.ED ਪਟਿਆਲਾ। |
| ੬. | ਸੰਤਿ ਗੁਰੂ, ਗੁਰੂ ਨਾਨਕ | ੧੮ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੭ | ਕਲ ਤਾਰਨ ਗੁਰ ਨਾਨਕ ਆਇਆ | ੨੨ | ਭਾਈ ਤਰਲੋਕ ਸਿੰਘ ਜੀ ਮਾਡਲ ਟਾਊਨ ਦਿਲੀ |
| ੮. | ਅਨਤ ਕਲਾ ਹੋਇ ਠਾਕੁਰ ਚੜ੍ਹਿਆ | ੨੬ | ਭਾਈ ਮਨਮੋਹਨ ਸਿੰਘ ਜੀ M.Sc. ਜੈਪੁਰ |
| ੯. | ਅਜ ਦਾ ਗੁਰਪੁਰਬ | ੩੧ | ਸੰਤ ਗੁਰਮੁਖ ਸਿੰਘ ਜੀ ਪਟਿਆਲਾ |
| ੧੦. | ਜੋਤ ਤੇ ਜੁਗਤ | ੩੨ | ਗਿਆਨੀ ਨਰਿੰਜਨ ਸਿੰਘ ਜੀ ਪਟਿਆਲਾ |
| ੧੧. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ | ੩੨ | ਬੇਦੀ ਹਰਪਾਲ ਸਿੰਘ ਜੀ ਪਟਿਆਲਾ |
| ੧੨. | ਸਿਮਰਨ ਦਾਤਾ ਸਤਿਗੁਰੂ | ੩੬ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੧੩. | ਡਿਠੇ ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ | ੪੦ | ਭਾਈ ਸੁਰਜਣ ਸਿੰਘ ਜੀ ਗੁਜਰਵਾਲ |
| ੧੪. | ਗੁਰੂ ਨਾਨਕ ਗੁਰਪੁਰਬ | ੪੩ | ਅਖੰਡ ਕੀਰਤਨੀ ਜੱਥਾ ਜਲੰਧਰ |
| ੧੫. | ਪੁਸਤਕਾਂ ਦੀ ਲਿਸਟ | ੪੪ | ਅਖੰਡ ਕੀਰਤਨੀ ਜੱਥਾ ਪਟਿਆਲਾ |


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗਿ ਮਹਿ, ਸੋ ਕਹੀਅਤ ਹੈ ਸੂਰਾ ।

ਗੁਰਪੁਰਬ ਨੰਬਰ




ਵਧਾਈ ਵਧਾਈ

# ਗੁਰਮਤਿ ਪ੍ਰਚਾਰਕ ਮਾਸਕ ਪੱਤਰ


ਜਿਲਦ ਨੰ: ੧ | ਕੱਤਕ-ਮੱਘਰ ੪੯੭ ਨਾਨਕਸ਼ਾਹੀ | ਅੰਕ ਨੰ: ੧੦


ਮੰਘਰ ਮਾਹੁ ਭਲਾ, ਹਰਿ ਗੁਣ ਅੰਕਿ ਸਮਾਵਏ ॥
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥
ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥

ਤੁਖਾਰੀ ਛੰਤ ਮਹਲਾ ੧ ਬਾਰਹ ਮਾਹ


ਆਨਰੇਰੀ ਐਡੀਟਰ :-
ਮਨੋਹਰ ਸਿੰਘ


## ਨਵੰਬਰ ੧੯੬੬


ਸਲਾਹਕਾਰ ਬੋਰਡ ;-
ਬਾਊ ਮਲ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ,
ਭਾਈ ਮਹਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ,
ਭਾਈ ਅਜੀਤ ਸਿੰਘ ਜੀ, ਭਾਈ ਮਨਮੋਹਨ ਸਿੰਘ ਜੀ
www.AKJ.Org

# ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ
# ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਵੇਂ ਪਾਤਸ਼ਾਹ ਜੀ ਦੇ ਅੰਤਮ ਹੁਕਮਨਾਮੇ ਇਸ ਗਲ ਦੀ ਪ੍ਰੋੜਤਾ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਆਪਣਾ ਪੰਥ ਚਲਾਣ ਦਾ ਨਹੀਂ ਸੀ। ਜੋ ਜੋ ਤਨਿਕ ਭਇਓ ਸਿਆਨਾ। ਤਿੰਨ ਤਿੰਨ ਆਪਣਾ ਪੰਥ ਚਲਾਣਾ (ਪ:੧੦) ਤੇ ਖਾਲਸਾ ਪੰਥ ਦੇ ਸਾਜਨ ਤੇ ਨਹੀਂ ਘਟਦਾ ਕਿਉਂਕਿ ਖਾਲਸਾ ਪੰਥ ਅਕਾਲ ਪੁਰਖ ਦੇ ਹੁਕਮ ਨਾਲ ਸਾਜਿਆ ਗਿਆ। ਦਸੇ ਗੁਰੂ ਸਾਹਿਬਾਨ ਅਤੇ ਹੁਣ ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਿਸ਼ਨ ਇਸ ਗਲ ਦਾ ਦਾਵਾ ਕਰਨ ਵਿਚ ਨਹੀਂ ਰਿਹਾ ਕਿ ਅਸੀਂ ਰਬ ਦੇ ਪੁਤਰ ਜਾਂ ਰਬ ਦੇ ਯਾਰ ਹਾਂ ਇਸ ਲਈ ਜੋ ਅਸੀ ਕਹਿੰਦੇ ਹਾਂ ਉਹ ਠੀਕ ਹੈ ਸਾਡੇ ਪਿਛੇ ਲਗੋ ਤੇ ਅਸੀ ਰਬ ਤੋਂ ਤੁਹਾਨੂੰ ਮੂੰਹ ਮੰਗੀਆਂ ਮੁਰਾਦਾਂ ਦਿਵਾਵਾਂਗੇ।

ਸਾਰੇ ਗੁਰੂ ਜਾਮਿਆਂ ਵਿਚ ਅਕਾਲ ਪੁਰਖ ਦੀ ਘੋਰ ਤਪਸਿਆ ਹੋਈ ਹੈ, ਅਤੇ ਉਹ ਸਦਾ ਵਾਹਿਗੁਰੂ ਜੀ ਦੇ ਦਾਸ ਪ੍ਰਾਇਣ ਬਣੇ ਰਹੇ। ਕਦੀ ਆਪਣੇ ਆਪ ਨੂੰ ਨਹੀਂ ਜਣਾਇਆ। ਆਪ ਪ੍ਰੇਮਾ ਭਗਤੀ ਕੀਤੀ ਤੇ ਸਾਡੇ ਲਈ ਪਵਿਤ੍ਰ ਪੂਰਨੇ ਪਾਏ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਚਾਰ ਵਿਚ ਇਕ ਅਨੋਖੀ ਚੀਜ਼ ਜੋ ਦੇਖਣ ਨੂੰ ਮਿਲਦੀ ਹੈ ਉਹ ਇਹ ਕਿ ਗੁਰੂ ਬਾਬਾ ਜੀ ਨੇ ਜਦੋਂ ਕਦੀ ਵੀ ਕਿਸੇ ਦਾ ਉਧਾਰ ਕੀਤਾ ਤਾਂ "ਸ਼ਬਦ" ਦੀ ਟੇਕ ਨਾਲ ਕੀਤਾ। ਧੁਰ ਦੀ ਬਾਣੀ ਦੇ ਬਾਣਾ ਨਾਲ ਕਠੋਰ ਤੋਂ ਕਠੋਰ ਹਿਰਦੇ ਮੋਹੇ, ਗੁਰਮੰਤਰ ਦਾ ਛਟਾ ਮਾਰਕੇ ਸਦਾ ਲਈ ਜੀਵਾਲ ਦਿਤਾ। ਆਪਣਾ ਕੋਈ ਮੰਤਰ ਨਹੀਂ ਮਾਰਿਆ, ਆਪਣੇ ਵਲੋਂ ਕੋਈ ਵਰ ਸਰਾਪ ਨਹੀਂ ਦਿਤਾ। ਕੇਵਲ ਨਾਮ ਨਾਲ ਸਾਰੇ ਜਗਤ ਨੂੰ ਜਿਤਿਆ। ਉਹ ਨਾਮ ਉਹ ਸ਼ਬਦ ਜੋ ਉਹਨਾਂ ਨੂੰ ਅਕਾਲ ਪੁਰਖ ਜੀ ਤੋਂ ਮਿਲਿਆ। ਗੁਰੂ ਦੇਖਿਆ, ਦੀਖਿਆ ਲੀਨੀ – ਇਹ ਦੀਖਿਆ ਸ਼ਬਦ ਅਕਾਲ ਪੁਰਖ ਜੀ ਗੁਰੂ ਤੋਂ ਲੀਤੀ ਗੁਰੂ ਬਾਬਾ ਜੀ ਦੇ ਜੀਵਨ ਇਤਿਹਾਸ ਵਿਚ ਇਕ ਹੋਰ ਵਿਸ਼ੇਸ਼ ਗਲ ਇਹ ਆਉਂਦੀ ਹੈ ਕਿ ਆਪ ਨੇ ਵਡੇ ਤੋਂ ਵਡੇ ਅਖਾਉਣ ਵਾਲੇ ਸਿਧ ਪੀਰ ਜੋਗੀ ਜਤੀ ਸੰਨਿਆਸੀ ਸਾਧੂ ਮਹਾਤਮਾ ਆਦਿ ਨਾਲ ਗੁਪਤ ਨਹੀਂ, ਖੁਲੇ ਇਕਠ ਵਿਚ (in public) ਵਿਚਾਰ ਵਟਾਂਦਰਾ ਕੀਤਾ। ਅਤੇ ਉਹਨਾਂ ਦੀ ਤਸਲੀ ਕੀਤੀ ਉਹਨਾਂ ਦੇ ਆਗੂਆਂ ਦੇ ਕੰਨ ਖੁਲ ਗਏ ਕਿ ਉਨਾਂ ਦਾ ਗੁਰੂ ਭੁਲੇਖੇ ਵਿਚ ਸੀ

ਗੁਰੂ ਸਾਹਿਬ ਜੀ ਕਿਸੇ ਮਤ ਦੇ ਖਿਲਾਫ ਨਹੀਂ ਸਨ ਉਹ ਤਾ ਆਪਣੀ ਦਿਬ ਦ੍ਰਿਸ਼ਟੀ ਨਾਲ ਉਹਨਾਂ ਆਗੂਆਂ ਨੂੰ ਸਪਸ਼ਟੀਕਰਨ ਕਰਾਨ



www.AKJ.Org

ਦਾ ਜਤਨ ਕਰਦੇ ਸਨ ਹਮਜ਼ਾ ਗੌਸ, ਵੱਲੀ ਕੰਧਾਰੀ, ਬਗ਼ਦਾਦ ਦਾ ਪੀਰ ਸਿਧ ਮੰਡਲੀ ਅਤੇ ਅਨੇਕਾਂ ਮਤ ਵਾਹਿਗੁਰੂ ਜੀ ਦੀ ਖੋਜ ਕਰਨ ਦੇ ਰਾਹ ਸਨ। ਗੁਰੂ ਬਾਬਾ ਜੀ ਤਾਂ ਅਕਾਲ ਪੁਰਖ ਦਾ ਸੰਦੇਸ਼ **ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ**''ਦਾ ਉਪਦੇਸ਼ ਦੇ ਕੇ ਮਨੁਖ ਨੂੰ ਇਕਨਵੀਂ ਰੋਸ਼ਨੀ ਬਖ਼ਸ਼ ਰਹੇ ਸਨ।

ਧੁਰੋਂ ਆਈ ਬਾਣੀ ਦੇ ਪਵਿਤ੍ਰ ਸੰਗ੍ਰਿਹ ਅਤੇ ਗੁਰੂ ਪਦਵੀ ਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸਦਾ ਲਈ ਇਸ risk ਨੂੰ ਹੀ ਖ਼ਤਮ ਕਰ ਦਿਤਾ ਹੈ ਜੋ ਆਤਮਕ ਖੋਜ ਅੰਦਰ ਮਨੁਖ ਦਾ ਮਨੁਖ ਦੇ ਪਿਛੇ ਲਗਣ ਵਿਚ ਹੈ। ਅਜੇ ਵੀ ਬਹੁਤੇਰੇ ਸ਼ਰਧਾਵਾਨ ਜਨਤਾ ਜਿਨ੍ਹਾਂ ਨੂੰ "ਦੇਹ ਧਾਰੀ ਗੁਰੂ" ਦੇ ਬਚਨ ਕਮਾਉਣ ਦਾ ਭੁਸ ਪਿਆ ਹੋਇਆ ਹੈ ਇਸ ਸ਼ੰਕੇ ਤੋਂ ਖਾਲੀ ਨਹੀਂ ਕਿ 'ਕੀ ਇਹ ਪਾਰ ਲੰਘਾ ਦਿਓ ? ਇਸ ਅਤਬੂਲ ਪੂਜਾ ਤੋਂ ਹੋਲੀ ਹੋਲੀ ਆਸ ਕੀਤੀ ਜਾ ਸਕਦੀ ਹੈ ਕਿ ਕਦੀ ਉਹ ' ਸ਼ਬਦ ਗੁਰੂ" ਦੀ ਤਾਬੇ ਹੋਜਾਣ। **'ਗੁਰ ਮੂਰਤ ਗੁਰ ਸ਼ਬਦ ਹੈ'** ਦਾ ਸਿਧਾਂਤ ਅਜੇ ਭਾਰਤੀ ਧਰਮ ਇਤਿਹਾਸ ਵਿਚ ਪ੍ਰਚਲਿਤ ਨਹੀਂ ਹੋਇਆ। ਦ੍ਰਿੜ ਕਰਨ ਯੋਗ ਇਹ ਗਲ ਹੈ ਕਿ "ਸ਼ਬਦ" ਜੁਗੋ ਜਗ ਅਟਲ ਹੈ, ਦੇਹਾਂ ਬਿਨਸਨਹਾਰ ਹਨ। ਗੁਰੂ ਨਾਨਕ–ਗੁਰੂ ਗੋਬਿੰਦ ਸਿੰਘ ਜੀ ਦੇਹ ਕਰਕੇ ਸਾਡੇ ਪਾਸ ਨਹੀਂ ਹਨ। ਦੇਹ ਬਿਨਸ ਗਈ। ਪਰ ਸ਼ਬਦ ਸਦਾ ਰਹੇਗਾ। ਗੁਰੂ ਨਾਨਕ ਸਾਹਿਬ ਜੀ ਦਾ ,ਸ਼ਬਦ ਗੁਰੂ' ਦਾ ਨੁਕਤਾ ਆਤਮਕ ਜਗਤ ਲਈ ਇਕ ਨਵੀਨ ਤੇ ਚਾਨਣ ਮੁਨਾਰਾ ਹੈ।

ਖਾਲਸਾ ਪੰਥ ਵਿਚ ਵੱਡੇ ਵੱਡੇ ਗੁਰਪੁਰਬ ਜੋ ਮਨਾਏ ਜਾਂਦੇ ਹਨ, ਉਹਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਜਪੋਸ਼ੀ ਦਾ ਪੁਰਬ ਕਿਤੇ ੨ ਹੀ ਸ਼ਰਧਾਲੂ ਸੰਗਤਾਂ ਮਨਾਉਦੀਆਂ ਹਨ। ਇਹ ਠੀਕ ਹੈ ਕਿ ਦਸਾਂ ਜਾਮਿਆਂ ਵਿਚ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੋਈ ਫਰਕ ਨਹੀਂ, ਪਰ ਇਸ ਪੁਰਬ ਦੇ ਮਨਾਉਣ ਦਾ ਵੱਡਾ ਮਹੱਤਵ ਇਸ ਲਈ ਹੈ ਕਿ ਹੁਣ ਸਾਰਾ ਖ਼ਾਲਸਾ ਪੰਥ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੈ। ਇਸੇ ਇਕ ਪੁਰਬ ਦੇ ਮਨਾਣ ਨਾਲ ਦਸੇ ਗੁਰੂ ਸਾਹਿਬਾਨ ਦੀ ਯਾਦ ਮਨਾਣ ਦੇ ਤੁਲ ਹੈ ਵਿਚਾਰ ਵਾਨ ਸਿਖ ਸੰਗਤਾਂ ਇਸ ਘਾਟ ਨੂੰ ਮਹਿਸੂਸ ਕਰਦੀਆਂ ਹਨ ਅਤੇ ਬਾਓਂ ਬਾਈਂ ਇਸ ਨੂੰ ਵਧ ਚੜ੍ਹ ਕੇ ਮਨਾਉਣ ਦੇ ਯਤਨ ਹੋ ਰਹੇ ਹਨ ਪਹਿਲੀ ਵੇਰ ਤਾਜਪੋਸ਼ੀ ਪੁਰਬ ਕਾਫੀ ਧੂਮ ਧਾਮ ਨਾਲ ਜੈਪੁਰ ਵਿਖੇ ੧੯੫੩ ਵਿਚ ਦਾਸ ਨੇ ਦੇਖਿਆ। ਇਹ ਪੁਰਬ ਕਰਨਲ ਪਿਆਰਾ ਸਿੰਘ ਜੀ ਦੇ ਉਦਮ ਨਾਲ ਮਨਾਇਆ ਗਿਆ ਤੇ ਸ਼ਾਇਦ ਹੁਣ ਵੀ ਮਨਾਇਆ ਜਾਂਦਾ ਹੈ। ਫਿਰ ੧੯੬੪ ਅਤੇ ੬੫ ਵਿਚ ਪਟਿਆਲੇ ਵਿਖੇ ਸੰਤ ਗੁਰਮੁਖ ਸਿੰਘ ਜੀ ਦੇ ਉਮਾਹ ਤੇ ਉਤਸ਼ਾਹ ਸਦਕਾ 'ਗੁਰਸਿਖ ਵਾੜੀ' ਤੇ ਸਰਬ ਸੰਗਤ ਦੇ ਉਦਮਾਂ ਨਾਲ ਮਨਾਇਆ ਗਿਆ। ਇਸ ਸਾਲ ਵੀ ਇਸ ਪੁਰਬ ਨੂੰ ਮਨਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਸੂਰਾ ਵਲੋਂ ਸਭ ਸੰਗਤਾਂ ਨੂੰ ਦਹਾਂ ਗੁਰਪੁਰਬਾ ਦੀ ਵਧਾਈ ਦੇਂਦੇ ਹਾਂ।

ਸੰਪਾਦਕ



www.AKJ.Org

# ਗੁਰੂ ਨਾਨਕ ਮਹਿਮਾਂ

ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ ॥
ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ ॥
ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੩॥
ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ ॥
ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥
ਉਧੌ ਅਕ੍ਰੂਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ ॥
ਕਬਿ ਕਲ ਸੁੱਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੪॥
ਗਾਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ ॥
ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ ਧੁਨਾ ॥
ਗਾਵੈ ਗੁਣ ਮਹਾਂਦੇਉ ਬੈਰਾਗੀ ਜਿਨਿ ਧਿਆਨ ਨਿਰੰਤਰਿ ਜਾਣਿਓ ॥
ਕਲਿ ਕਲਿ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੫॥
ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰ ਰਿਦੰਤਰ ॥
ਸ੍ਰਿਸਟਿ ਸਗਲ ਉਧਰੀ ਨਾਮ ਲੇ ਤਰਿਓ ਨਿਰੰਤਰਿ ॥
ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ ॥
ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ ॥
ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ ॥
ਹਰਿਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ ॥੬॥
ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮਰਾਰਿ ਕੰਸ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿ ਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥

ਸਵਈਏ ਮਹਲੇ ਪਹਿਲੇ ਕੇ



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ

# ਦੇ ਗੁਣਾਂ ਦਾ ਪੁੰਜ ਹਨ

(ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਸ: ਗੁਰਪਾਲ ਸਿੰਘ ਜੀ (ਲੰਡਨ) ਆਡੀਟਰ ਅਮ੍ਰਿਤਸਰ ਨੇ ਸ਼ੰਕਾ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਲ ਪੁਰਖ ਦੇ ਗੁਣਾਂ ਦਾ ਪੁੰਜ ਕਿਵੇਂ ਹਨ ? ਏਸੇ ਸ਼ੰਕੇ ਦੀ ਨਵਿਤਰੀ ਲਈ ਹੇਠ ਲਿਖੀ ਵਿਚਾਰ ਪ੍ਰਸ਼ਨੋਤਰੀ ਵਿਚ ਪ੍ਰਗਟ ਕੀਤੀ ਜਾਂਦੀ ਹੈ :–

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾਂ ਪੁੰਜ ਹਨ, ਗੁਰੂ ਨਾਨਕ ਦਸਮੇਸ਼ ਜੀ ਗੋਬਿੰਦ ਰੂਪ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਹੀ ਪਾਤਸ਼ਾਹੀਆਂ ਦਾ ਸਚਾ ਸਰੂਪ ਹਨ ਅਕਾਲ ਪੁਰਖ ਸੰਜੁਕਤ(ਸਣੇ) ਨਿਜ ਗੁਣਾਂ ਦੇ ਗੁਰੂ ਸਾਹਿਬ ਦੇ ਜਮਿਆਂ ਅੰਦਰ ਹਲੂਲ ਕਰਿ ਆਇਆ ਹੈ ਅਤੇ ਬਾਰਿ-ਬਾਰੀ ਹਲੂਲ ਕਰ ਆਇਆ ਹੈ। ਅਕਾਲ ਪੁਰਖ ਦੇ ਗੁਰੂ ਜਾਮਿਆਂ ਅੰਦਰ ਹਲੂਲ ਕਰ ਆਉਣ ਕਰਕੇ ਹੀ ਗੁਰੂ ਸਾਹਿਬਾਨ ਨੇ ਆਪਣੇ ਨਿਜ ਸਰੂਪਾਂ ਨੂੰ ਅਕਾਲ ਪੁਰਖ ਦੇ ਮਹਲ ਕਰਕੇ ਵਰਨਣ ਕੀਤਾ ਹੈ। ਏਸੇ ਕਰਕੇ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਆਦਿ ਨਾਵਾਂ ਨਾਲ ਗੁਰੂ ਪਾਤਸ਼ਾਹੀਆਂ ਸੰਕੇਤ ਹਨ। ਅਕਾਲ ਪੁਰਖ ਦੇ ਸਭ ਗੁਣ, ਸਮੁਚੇ ਗੁਣ ਹਰੇਕ ਗੁਰੂ ਜਾਮੇ ਅੰਦਰ ਆਣ ਉਤਰੇ ਹਨ, ਉਤਰਦੇ ਰਹੇ ਹਨ। ਅਕਾਲ ਪੁਰਖ ਸਮੁਚਾ ਹੀ ਜਦ ਗੁਰੂ ਜਾਮੇ ਅੰਦਰ ਆਣ ਅਵਤਰਦਾ ਹੈ। ਤਦ ਅਕਾਲ ਪੁਰਖ ਦੇ ਸਮੁਚੇ ਗੁਣ ਆਣ ਅਵਤਰਨੋ ਕੀ ਪਿਛੇ ਰਹਿ ਗਏ ? ਹਰਗਿਜ਼ ਨਹੀਂ. ਉਹ ਭੀ ਵਿਚੇ ਹੀ ਆਣ ਆਵਤਰੇ। ਅਕਾਲ ਪੁਰਖ ਦੇ ਨਾਲ ਹੀ ਆਣ ਅਵਤਰੇ। ਜਦ ਹਰੇਕ ਗੁਰੂ ਜਾਮੇ ਅੰਦਰ ਅਕਾਲ ਪੁਰਖ ਸਮੇਤ ਆਪਣੇ ਗੁਣਾਂ ਦੇ ਆਣ ਉਤਰਿਆ ਤਾਂ ਦਸਾਂ ਗੁਰੂ ਸਾਹਿਬਾਨ ਦੇ ਸਚੇ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅਕਾਲ ਪੁਰਖ ਸਮੁਚਾ ਹੀ ਆਪਣੇ ਸਮੁਚੇ ਗੁਣਾਂ ਸੰਜੁਕਤ ਨਿਰਸੰਦਹ ਆਣ ਆਵਤਰਿਆ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਨ ਮੰਨਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਗੁਰੂ ਪਾਤਸ਼ਾਹੀਆ ਦੇ ਸਰੂਪ ਮਨਣ ਵਾਲੀ ਗੱਲ ਤੋਂ ਮੁਨਕਰ ਹੋਣਾ ਹੈ। ਧੁਰਕੀ ਬਾਣੀ, ਅਮ੍ਰਿਤ ਸਰੂਪ ਪਾਰਸ ਗੁਰਬਾਣੀ, ਵਾਹਿਗੁਰੂ ਅਕਾਲ ਪੁਰਖ ਦੇ ਅਕਾਲੀ ਗੁਣਾਂ ਦਾ ਸਰੂਪ ਹੈ। ਅਰਥਾਤ ਅਕਾਲ ਪੁਰਖ ਦੇ ਅੰਤ੍ਰੀਵੀ ਤਤ ਗੁਣ, ਇਹ ਧੁਰਕੀ ਬਾਣੀ ਹੈ, ਨਾ ਕਿ ਗੁਣਾ ਦਾ ਬਿਆਨ (ਡੈਸਕ੍ਰਿਪਸ਼ਨ DESCRIPTION) ਅਕਾਲ ਪੁਰਖ ਦੇ ਇਹ ਗੁਰਬਾਣੀ ਰੂਪੀ ਅਕਾਲੀ ਗੁਣ ਧੁਰੋਂ ਬਣੇ ਬਣਾਤੇ ਗੁਰੂ ਸਾਹਿਬਾਨ ਦੇ ਪਵਿਤਰ



www.AKJ.Org

ਪਾਰਸ ਜਾਮਿਆਂ ਅੰਦਰ ਉਤਰੇ। ਸੋਈ ਗੁਣ ਬਣੇ ਬਣਾਤੇ ਗੁਰੂ ਜਾਮਿਆਂ ਤੋਂ ਹਲੂਲ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਜਾਮੇ ਅੰਦਰ ਆਣ ਪ੍ਰਵੇਸ਼ ਹੋਏ, ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਪੁਰਖ ਦੇ ਗੁਣਾਂ ਦਾ ਮਹਿਜ਼ ਬਿਆਨ ਯਾ ਅਨੁਵਾਦ (DESCRIPTION) ਆਖਣਾ ਸਖਤ ਗ਼ਲਤ ਫਹਿਮੀ ਵਾਲਾ ਅਗਿਆਨ ਹੈ।

ਪਾਰਸ ਰੂਪ ਗੁਰਬਾਣੀ ਗੁਰਾਂ ਦੇ ਮੁਖਾਰ ਬਿੰਦ ਤੋਂ ਉਚਰੀ ਹੋਈ ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਮੇ ਅੰਦਰ ਉਕਰੀ ਹੋਈ ਸਰਧਾ ਪੁੰਜ ਨਾਮ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਤਾਂ ਐਨ (ਪ੍ਰਤੱਖ) ਅਕਾਲ ਪੁਰਖ ਦੇ ਗੁਣਾ ਦਾ ਪੁੰਜ ਹੀ ਪ੍ਰਤੀਤ ਹੁੰਦੀ ਹੈ। ਨਾਮ ਕਮਾਈ ਤੋਂ ਘੁਥੇ ਅਤੇ ਗੁਰਮੁਖਾਂ ਵਾਲੀ ਅਨਿੰਨ ਸਰਧਾ ਤੋਂ ਊਣੇ ਖ਼ੁਸ਼ਕ ਫਲਾਸਫਰਾਂ ਨੂੰ ਇਹ ਗੁਰਬਾਣੀ ਰੂਪੀ ਗੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਮ ਅੰਦਰ ਉਕਰੇ (ਲਿਖੇ) ਹੋਇ ਹੋਣ ਕਰਕੇ ਗੁਣਾ ਦਾ ਬਿਆਨ (ਡਿਸਕ੍ਰਿਪਸ਼ਨ) ਹੀ ਭਾਸਦੇ ਹਨ **ਧੁਰਕੀ ਬਾਣੀ ਬਾਣ ਰੂਪ ਹੈ ਨਾ ਕਿ ਬਿਆਨ ਰੂਪ** ਇਹ ਅਮ੍ਰਿਤ ਰੂਪ ਪਾਰਸ ਕਲਾ ਬਾਣੀ ਪਾਰਸ ਰਸਾਇਣੀ ਗੁਰਬਾਣੀ ਅਕਾਲ ਪੁਰਖ ਜੋਤੀ ਸਰੂਪ ਦੀ ਤੇਜ ਪੁੰਜ ਦਿਬੱਤਾ ਦਾ ਜੋਤ ਕ੍ਰਿਸ਼ਮੀ ਉਤਾਰਾ ਹੈ ਪਰ ਇਸ ਪਾਰਸ ਨੂੰ ਪਰਸਿਆਂ ਹੀ ਇਸ ਜੋਤਿ ਕ੍ਰਿਸ਼ਮਤਾ ਦਾ ਨੂਰ ਕਿਰਨੀ ਦਿਬ ਦਰਸਾਰਾ ਹੁੰਦਾ ਹੈ। ਸਤਿਗੁਰਾਂ ਦੀ ਸਰਬੱਗਤਾ ਤੇ ਸਮਰਥਤਾ ਇਸ ਗਲ ਦੀ ਲਖਾਇਕ ਹੈ ਕਿ ਸਤਿਗੁਰਾਂ ਨੇ ਅਕਾਲ ਪੁਰਖ ਦੇ ਗੁਣਾਂ ਨੂੰ ਪਰਤੱਖ ਪੇਖ ਕੇ ਹੀ ਉਨ੍ਹਾਂ ਗੁਣਾਂ ਦਾ ਪ੍ਰਤੱਖ ਉਤਾਰਾ ਗੁਰਬਾਣੀ ਦੇ ਸਰੂਪ ਵਿਚ ਉਤਾਰਿਆ ਹੈ। ਚਾਹੇ ਅਲਪਗ ਬੁਧੀ ਦੇ ਬੁਧੀਵਾਨਾਂ ਨੂੰ ਇਹ ਗੁਰਬਾਣੀ ਅਕਾਲ ਪੁਰਖ ਦੇ ਗੁਣਾਂ ਦਾ ਮਹਿਜ਼ ਵਰਨਣ ਹੀ ਭਾਸੇ, ਪਰ ਵਾਸਤਵ ਵਿਚ ਤਾਂ ਇਹ ਗੁਰਬਾਣੀ ਰੂਪੀ ਗੁਣ ਅਕਾਲ ਪੁਰਖ ਦੇ ਤੱਤ, ਅੰਤ੍ਰੀਵ ਗੁਣ ਹੀ ਹਨ ਜੋ ਸਰਬਗੱਯ ਸਮਰਥਵਾਨ ਮਹਾਂ ਪੁਰਖ ਸਰਬੱਗ ਬੁਧੀ ਦੇ ਬੁਧੀਸ਼ਰਾਂ ਨੇ ਪਰਤੱਖ ਪੇਖੇ ਪਰਖੇ ਹਨ। ਤਿਨਾਂ ਦੇ ਨਿਕਟ ਅਕਾਲ ਪੁਰਖ ਦੇ ਗੁਪਤ ਲੁਪਤ ਗੁਣ (ਅਲਪੱਗ ਬੁਧੀਓਂ ਅਗੋਚਰ ਅਕਾਲੀ ਗੁਣ) ਸਾਖਸ਼ਾਤ ਕਾਰਤ ਦੀ ਸਤੱਤਾ ਜਨਕ ਹਨ। ਜੇਹੇ ਅਕਾਲ ਪੁਰਖ ਵਿਚ ਹਨ ਤੇਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ। **ਅਲੱਪਗ ਬੁਧੀ ਵਾਲਿਆਂ ਨੂੰ ਇਹ ਗੁਣ ਨਿਰਾ ਵਰਨਣ ਰੂਪ ਹੀ ਪਰਤੀਤ ਹੁੰਦੇ ਹਨ। ਏਹਨਾਂ ਸਰਬੱਗ ਅਕਾਲੀ ਗੁਣਾਂ ਦੀ ਸਰਪਰਸਤਾ ਨਾਲ ਬੁਧੀ ਅਲ-ਪਗ ਤੋਂ ਸਰਬੱਗ ਹੋਇ ਆਵੰਦੀ ਹੈ।** ਅਤੇ ਸਰਬੱਗਤਾ ਪ੍ਰਾਪਤ ਕਰ ਕੇ ਇੰਨ ਬਿੰਨ ਸਾਖਸ਼ਾਤ ਹੀ ਤਿੰਨਾਂ ਅਕਾਲੀ ਗੁਣਾਂ ਨੂੰ ਅਕਾਲ ਪੁਰਖ ਦੇ ਅੰਤਰਗਤ ਤੇ ਸੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਰ ਗਤ ਅਭੇਦ ਰੂਪ ਕਰਕੇ ਹੀ ਪੇਖਦੀ ਹੈ। ਜੈਸੇ ਕਿ ਪਾਣੀ ਜਿਨ੍ਹਾਂ ਨੇ ਪਰਸਿਆ ਹੈ ਤਿਨ੍ਹਾਂ ਨੂੰ ਠੰਡਾ ਪਰਤੀਤ ਹੋਇਆ ਹੈ। ਇਸੇ ਤਰਾਂ ਅਕਾਲ ਪੁਰਖ ਦੇ ਅਕਾਲੀ ਗੁਣਾਂ ਦੀ ਪਾਰਸਤਾ ਨੂੰ ਜਿਨ੍ਹਾਂ ਨੇ ਪਰਸਿਆ ਤੇ ਅਕਾਲ ਪੁਰਖ ਨੂੰ ਭੇਟਿਆ ਹੈ, ਤਿਨ੍ਹਾਂ ਨੂੰ ਹੀ ਵਾਸਤਵ ਵਿਚ ਅਕਾਲ ਪੁਰਖ ਠੰਡਾ, ਮਿਠਾ ਅਤੇ ਜੋਤਿ ਜੋਤੰਨਾ ਕਰਕੇ ਸਾਕਸ਼ਾਤ ਹੋਇਆ ਹੈ। ਤੇ ਗੁਣੀ ਪਦਾਰਥਾਂ ਦੇ ਗੁਣਾਂ ਦੀ ਸਪਰ-



www.AKJ.Org

ਸਤਾ ਪਾਰਸਕਲਾ ਨਹੀਂ ਵਰਤਾ ਸਕਦੀ ਹੈ ਇਸ ਕਰਕੇ ਉਹ ਗੁਣ ਨਿਰੇ ਵਰਨਣ ਰੂਪ ਹੀ ਹਨ । ਜਿਨ੍ਹਾਂ ਨੇ ਪਾਣੀ ਨੂੰ ਨਹੀਂ ਪੀਤਾ,ਉਹਨਾਂ ਨੂੰ "ਪਾਣੀ ਠੰਡਾ ਹੈ" ਕਹਿਣ ਮਾਤਰ ਨਾਲ ਠੰਡਕ ਨਹੀਂ ਪਹੁੰਚ ਸਕਦੀ, ਪਰ ਦੂਜੇ ਪਾਸੇ ਪਰਮਾਰਥੀ ਗੁਣਾਂ ਅਰਥਾਤ ਗੁਰਬਾਣੀ ਰੂਪੀ ਅਕਾਲੀ ਗੁਣਾਂ ਦੇ ਸਪਰਸ਼ਨ (ਆਖਣ ਭਾਖਣ ਰੂਪੀ ਵਰਨਣ ਕਰਨ) ਨਾਲ ਹੀ ਤਿਨ੍ਹਾਂ ਨੂੰ ਭੀ ਅਕਾਲ ਪੁਰਖ ਦੇ ਗੁਣਾਂ ਦਾ ਸਾਕਸ਼ਾਤ ਕਾਰ ਹੋਇ ਆਉਂਦਾ ਹੈ। ਜਿਨ੍ਹਾਂ ਨੇ ਕਦੇ ਅਕਾਲ ਪੁਰਖ ਨੂੰ ਦੇਖਿਆ ਭੀ ਨਹੀਂ, ਜਿਨ੍ਹਾਂ ਨੂੰ ਅਕਾਲ ਪੁਰਖ ਦੇ ਗੁਣ ਸਾਕਸ਼ਾਤ ਨਹੀਂ ਹੋਏ, ਉਹਨਾਂ ਦਾ ਇਹ ਆਖਣਾ ਕਿ ਇਹ ਗੁਣ ਅਕਾਲ ਪੁਰਖ ਵਿਚ ਹਨ ਕੋਈ ਭੀ ਅਰਥ ਪਰਮਾਰਥ ਸਿਧ ਨਹੀਂ ਕਰਦਾ। ਉਹਨਾਂ ਨੂੰ ਇਹ ਗੁਣ ਨਿਰੇ ਵਰਨਣ ਰੂਪ ਹੀ ਭਾਸਦੇ ਹਨ। ਹੁਣ ਪ੍ਰਸ਼ਨ ਉਠਦਾ ਹੈ ਕੀ ਸਿਮ੍ਰਤ ਸਾਸਤ੍ਰ ਬੇਦ ਕਤੇਬ ਆਦਿਕ ਫੋਕਟ ਗਿਆਨ ਫਲਸਫੇ ਹੀ ਹਨ ? ਕੀ ਬੇਦ ਕਤੇਬ ਆਦਿਕ ਆਨਮਤ ਪੁਸਤਕ ਅਕਾਲ ਪੁਰਖ ਦੇ ਗੁਣਾਂ ਦੇ ਗਿਆਨ ਦਾ ਭੰਡਾਰ ਨਹੀਂ ? ਬਿਲਕੁਲ ਨਹੀਂ ਪ੍ਰੋੜਤਾ ਲਈ ਬਚਿੱਤ੍ਰ ਨਾਟਕ ਦੇ ਛੇਵੇਂ ਅਧਿਆਯ ਵਿਚੋਂ ਹੇਠ ਲਿਖੇ ਸ੍ਰੀ ਦਸ਼ਮੇਸ਼ ਮੁਖਵਾਕ ਪਰਮਾਣ ਵਜੋਂ ਦੇਣੇ ਕਾਫੀ ਹੋਣਗੇ ।

"ਤਬ ਜੇ ਜੇ ਰਿਖਰਾਜ ਬਨਾਏ ॥
ਤਿਨ ਆਪਨ ਆਪਨ ਪੁਨਿ ਸਿਮ੍ਰਿਤਿ ਚਲਾਏ

ਵਾਲੀ ਪੰਗਤੀ ਦਸਦੀ ਹੈ ਕਿ ਸਿਮ੍ਰਿਤੀਆਂ ਆਦਿਕ ਪੁਸਤਕਾਂ ਰਿਸ਼ੀਆਂ ਦੀਆਂ ਆਪ ਬਣਾਈਆਂ ਤੇ ਆਪ ਚਲਾਈਆਂ ਹੋਈਆਂ (ਪ੍ਰਚੁਰ ਕੀਤੀਆਂ) ਹੋਈਆਂ ਹਨ, ਇਲਾਹੀ ਪੁਸਤਕਾਂ ਧੁਰੋਂ ਆਈ ਰਬੀ ਬਾਣੀ ਵਾਲੀਆਂ ਪੁਸਤਕਾਂ ਨਹੀਂ । ਤਾਂਹੀ ਤਾਂ ਸ੍ਰੀ ਦਸਮੇਸ਼ ਜੀ ਅਗਲੀਆਂ ਸ੍ਰੀ ਮੁਖਵਾਕ ਉਚਰੀਆਂ ਤੁਕਾਂ ਅੰਦਰ ਇਉਂ ਨਿਰੂਪਨ ਕਰਦੇ ਹਨ ।

ਜੋ ਸਿਮ੍ਰਤਨ ਕੋ ਭਏ ਅਨੁਰਾਗੀ ॥
ਤਿਨ ਤਿਨ ਕ੍ਰਿਆ ਬ੍ਰਹਮਕੀ ਤਿਆਗੀ
ਜਿਨ ਮਨ ਹਰਿ ਚਰਨਨ ਠਹਿਰਾਯੋ ॥
ਸੋ ਸਿਮ੍ਰਤ ਕੇ ਰਾਹ ਨਾ ਆਯੋ ॥

ਏਹ ਸ੍ਰੀ ਮੁਖਵਾਕ ਸਾਫ ਫੈਸਲਾ ਕਰਦੇ ਹਨ ਕਿ ਸਿਮ੍ਰਤੀਆਂ ਨਾਲ ਪਰਚਾ ਪਾਉਣ ਵਾਲੇ ਪਾਰਬ੍ਰਹਮ ਪਰਮੇਸ਼ਰ ਤੋਂ ਬੇਮੁਖ ਹੋ ਜਾਂਦੇ ਹਨ ਅਕਾਲ ਪੁਰਖ਼ ਦੇ ਚਰਨਾਂ ਨਾਲ ਸਚੀ ਪ੍ਰੇਮਲਿਵ ਜੋੜਨ ਵਾਲੇ ਏਹਨਾਂ ਸਿਮ੍ਰਤੀਆਂ ਦੇ ਰਾਹ ਨਹੀਂ ਜਾਂਦੇ ਜਾਣ ਤਾਂ, ਜੇ ਏਹਨਾਂ ਵਿਚ ਗੁਰ ਗਿਆਨ ਪਦਾਰਥ ਨਾਮ ਹੋਵੇ । ਤਾਂਤੇ ਇਹ ਸਿਮ੍ਰਤੀਆਂ ਅਕਾਲ ਪੁਰਖ ਦੇ ਗੁਣਾਂ ਦੀਆਂ ਗਿਆਨ ਪ੍ਰਕਾਸ਼ਕ ਹਰਗਿਜ਼ ਹਰਗਿਜ਼ ਨਹੀਂ ਹੋ ਸਕਦੀਆਂ । ਬੇਦਾਂ ਦੀ ਬਾਬਤ ਸ੍ਰੀ ਦਸਮੇਸ਼ ਜੀ ਇਉਂ ਉਚਾਰਨ ਕਰਦੇ ਹਨ:—

ਬ੍ਰਹਮੇ ਚਾਰ ਹੀ ਬੇਦ ਬਨਾਏ ॥
ਸਰਬ ਲੋਕ ਤਿਨ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥
ਤੇ ਬੇਦਨ ਤੇ ਭਏ ਤਿਆਗੀ ॥

ਇਹ ਸ੍ਰੀ ਦਸਮੇਸ਼ ਮੁਖਵਾਕ ਸਿਧ ਕਰਦੇ ਹਨ ਕਿ ਬੇਦ ਭੀ ਇਲਹਾਮੀ ਪੁਸਤਕ ਨਹੀਂ । ਚਾਰੇ ਹੀ ਬੇਦ ਬ੍ਰਹਮਾ ਦੇ ਬਣਾਏ ਹੋਏ ਹਨ ਅਤੇ ਲੋਕਾਚਾਰ ਕਰਮ ਇਸ ਬੇਦਾਚਾਰ ਤੋਂ ਹੀ ਚਲੇ ਹਨ ।

**ਅਕਾਲ ਪੁਰਖ ਦੇ ਚਰਨਾਂ ਨਾਲ ਲਿਵਤਾਰ ਜੋੜਨ ਵਾਲੇ ਹਰਿ-ਚਰਨਨ ਅਨੁਰਾਗੀ ਭਗਤ ਜਨ ਏਨ੍ਹਾਂ ਬੇਦਾਂ-ਗੁਰਮਤਿ ਬਿਵਰ-**



www.AKJ.Org

## ਜਤ ਵਿਦਿਆ—ਤੋਂ ਸਦਾ ਹੀ ਤਿਆਗੀ ਰਹੇ ਹਨ ਅਤੇ ਰਹਿ-ਣਗੇ ।

ਬੇਦ ਅਤੇ ਕਤੇਬ (ਅੰਜੀਲ, ਤੌਰੇਤ, ਜ਼ਬੂਰ ਤੇ ਕੁਰਾਨ) ਮਤ ਦੇ ਤਿਆਗੀ ਜਨਾਂ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਏਹ ਫਤਵਾ ਹੈ:—

ਜਿਨ ਮਤ ਬੇਦ ਕਤੇਬਨ ਤਿਆਗੀ ॥
ਪਾਰਬ੍ਰਹਮ ਕੇ ਭਏ ਅਨੁਰਾਗੀ ॥
ਤਿਨ ਕੇ ਗੂੜ ਮਤ ਜੋ ਚਲਹੀ ॥
ਭਾਂਤ ਭਾਂਤ ਦੁਖਨ ਸੋ ਦਲਹੀ ॥

ਅਰਥਾਤ ਬੇਦ ਕਤੇਬੀ ਮਤ ਨੂੰ ਤਿਆਗ ਕੇ ਜੋ ਜਨ ਗੁਰਮਤਿ ਮਤਿ ਨੂੰ ਗ੍ਰਹਿਣ ਕਰਦੇ ਹਨ, ਤਿਨਾਂ ਦਾ ਹੀ ਪਾਰਬ੍ਰਹਮ ਪ੍ਰਮਾਤਮਾ ਨਾਲ ਪ੍ਰੇਮ ਪਰਚਾ ਪੈ ਸਕਦਾ ਹੈ। ਐਸੇ ਬੇਦ ਕਤੇਬ ਮੱਤਿ ਤਿਆਗੀ ਤੇ ਪਾਰਬ੍ਰਹਮ ਅਨੁਰਾਗੀ ਗੁਰਮੁਖ ਜਨਾਂ ਦੇ ਗੂੜ੍ਹ ਗੁਰ-ਮਤਿ ਮਤਿ ਅਨੁਸਾਰ ਜੋ ਜਨ ਚਲਦੇ ਹਨ ਅਤੇ ਚਲਣਗੇ, ਉਨ੍ਹਾਂ ਦੇ ਅਨੇਕ ਪ੍ਰਕਾਰ ਦੇ ਦੁਖ ਦਲਿਦਰ ਦਲੇ ਮਲੇ ਜਾਣਗੇ ਅਰਥਾਤ ਦੂਰ ਹੋ ਜਾਣਗੇ। ਏਹਨਾਂ ਸ੍ਰੀ ਮੁਖਵਾਕਾਂ ਤੋਂ ਸਾਫ ਸਿਧ ਹੋ ਗਿਆ ਕਿ ਆਨ ਮਤਾਂ ਦੀਆਂ ਪੁਸਤਕਾਂ ਅੰਦਰ ਪ੍ਰਤਿਪਾਦਨ ਕੀਤੇ ਗਿਆਨ ਫਲਸਫੇ ਸਭ ਫੋਕਟ ਹੀ ਹਨ। ਅਕਾਲ ਪੁਰਖ ਦੇ ਗਿਆਨ ਗੁਣਾਂ ਦਾ ਏਥੇ ਨਮੂਦ ਨਹੀਂ। ਏਹਨਾਂ ਪਿਛਲੀਆਂ ਗੁਰ ਪੰਗਤੀਆਂ ਤੋਂ ਏਹ ਭੀ ਸਿਧ ਹੋਇਆ ਕਿ ਅੰਜੀਲ, ਕੁਰਾਨ ਆਦਿ ਕਿਤਾਬਾਂ ਭੀ ਇਲਹਾਮੀ ਨਹੀਂ। ਆਨ ਮਤਾਂ ਦੇ ਕਰਮ ਧਰਮ ਤੇ ਸਿਮ੍ਰਿਤ ਸ਼ਾਸਤਰਾਂ, ਬੇਦ ਕਤੇਬ ਆਦਿ ਧਰਮ ਪੁਸਤਕਾਂ ਦੇ ਪਠਨ ਪਾਠਨ ਸਭ ਨਿਸਫਲ ਹਨ, ਇਹਨਾਂ ਤੋਂ ਕਲਿਆਨ ਪ੍ਰਾਪਤ ਨਹੀਂ ਹੋ ਸਕਦੀ, ਇਸ ਪ੍ਰਥਾਇ ਹੇਠ ਲਿਖਿਆ ਗੁਰਵਾਕ ਇਸ ਤਰ੍ਹਾਂ ਨਿਰਣਾ ਕਰਦਾ ਹੈ:-

ਸੂਹੀ ਮਹਲਾ ੫ ॥ ਪਨਾ ੭੪੭—੭੪੮
ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣੁ ਕੀਰਤਨ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰ ਉਤਰੀਐ
ਜੇ ਕੋ ਬਚਨੁ ਕਮਾਵੈ ਸੰਤਨ ਕਾ
ਸੋ ਗੁਰਪਰਸਾਦੀ ਤਰੀਐ ॥੧॥ ਰਹਾਉ ॥
ਕੋਟਿ ਤੀਰਥ ਮਜਨ ਇਸਨਾਨਾ
ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧ ਸੰਗਿ ਜੋ ਹਰਿ ਗੁਣ ਗਾਵੈ
ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ
ਤਿਸਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮ ਜਪੈ ਉਧਰੈ ਸੋ ਕਲਿ ਮਹਿ
ਘਟਿ ਘਟਿ ਨਾਨਕ ਮਾਝਾ ॥੪॥ ੩॥ ੫੦॥

ਸੋ ਧੁਰ ਕੀ ਬਾਣੀ ਹੈ ਤਾ ਕੇਵਲ ਗੁਰਬਾਣੀ ਹੀ ਹੈ। ਅਕਾਲ ਪੁਰਖ ਗੁਰ ਗਿਆਨ ਜੋਤਿ ਪ੍ਰਕਾਸ਼ਕ ਬਾਣੀ ਹੈ ਤਾਂ ਕੇਵਲ ਗੁਰਬਾਣੀ ਹੈ। ਅਕਾਲ ਪੁਰਖ ਦਾ ਤੱਤ ਜੋਤਿ ਗਿਆਨ ਦੇ ਪ੍ਰਕਾਸ਼ ਕਰਨ ਹਾਰੀ ਹੋਣ ਕਰ ਕੇਵਲ ਗੁਰਬਾਣੀ ਹੀ ਗੁਰੂ ਪਦ ਨਾਲਿ ਸ਼ਸ਼ੋਭਤ ਹੈ। ਅਤੇ ਏਸੇ ਗੁਰੂ ਗਿਆਨ ਜੋਤਿ ਪ੍ਰਕਾਸ਼ਕ ਗੁਰਬਾਣੀ ਦੇ ਬੋਹਿਥ ਹੋਣ ਕਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਗੁਰੂ ਪਦ ਪ੍ਰਾਪਤ ਹੈ। ਏਸੇ ਗੁਰਬਾਣੀ ਰੂਪੀ ਗੁਰਮਤਿ ਗੁਣਾਂ ਦੇ ਗੁਰ ਗਿਆਨ ਧਿਆਨ ਨੂੰ ਅੰਮ੍ਰਿਤ ਭਰ ਪੁਰਿੰਨੀ ਪਾਰਸ ਕਲਾ ਪ੍ਰਾਪਤ ਹੈ।



www.AKJ.Org

# ਗੁਰਬਾਣੀ

੩

ਭਾਈ ਗਰਮੁਖ ਸਿੰਘ ਜੀ M.A. B.Ed. ਪਟਿਆਲਾ ।

ਗੁਰੂ ਘਰ ਵਿੱਚ ਗੁਰਸਿਖਾਂ ਨੂੰ ਖਾਸੁਲ ਖਾਸ ਹੁਕਮ ਹੈ :–

(੧) 'ਗੁਰਬਾਣੀ ਗਾਵਹ ਭਾਈ' ॥ ਓਹ ਸਫਲ ਸਦਾ ਸੁਖਦਾਈ ॥

(੨) "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥'

ਬਲਕਿ ਇਥੋਂ ਤਾਂਈ ਕਿ ਹਰ ਇਕ ਗੁਰਸਿਖ ਦੇ ਜੀਵਨ ਵਿਚ ਨਿਤਾਪ੍ਰਤੀ ਰੋਜ਼ਾਨਾ ਗੁਰਬਾਣੀ ਦਾ ਪਾਠ ਅਤੇ ਕੀਰਤਨ ਸੁਨਣਾ ਤੇ ਕਰਨਾ ਸ਼ਾਮਲ ਹੈ। ਜੇ ਗੁਰਸਿਖ ਦੇ ਜੀਵਨ ਵਿਚੋਂ ਗੁਰਬਾਣੀ ਮਾਇਨਸ ਕੀਤੀ ਜਾਏ ਤਾਂ ਉਹ ਸਿਖ ਨਹੀਂ ਰਹਿ ਜਾਂਦਾ ਬਲਕਿ,

'ਜੇ ਤਨਿ ਬਾਣੀ ਵਿਸਰਿ ਜਾਇ
ਜਿਉ ਪਕਾ **ਰੋਗੀ** ਵਿਲਲਾਇ ॥

ਇਸ ਲਈ ਗਰਸਿਖ ਅਤੇ ਗੁਰਬਾਣੀ ਜਿਨਾ ਚਿਕਰੁ ਇਕ ਮਿਕ ਹਨ ਉਨਾ ਚਿਰ ਗੁਰੂ ਅਤੇ ਸਿਖ ਦਾ ਸਚਾ ਸੁਚਾ ਨਾਤਾ ਕਾਇਮ ਹੈ। ਜਿਸ ਹਿਰਦੇ ਵਿਚ ਬਾਣੀ ਵਸਦੀ ਹੈ ਉਸ ਹਿਰਦੇ ਵਿਚ ਗੁਰੂ ਆਪ ਵਸਦਾ ਹੈ।

ਗੁਰਬਾਣੀ ਅਤੇ ਧੁਰ ਕੀ ਬਾਣੀ ਵਿਚ ਕੋਈ ਅੰਤਰ ਨਹੀਂ ਥੋੜਾ ਜਿਹਾ ਭੇਦ ਹੈ, ਉਹ ਇਹ ਹੈ ਕਿ ਧੁਰ ਕੀ ਬਾਣੀ ਧੁਰੋਂ ਆਈ ਗੁਰੂਆਂ ਦੇ ਹਿਰਦੇ ਵਿਚ ਵਸੀ. ਵਸ ਕੇ ਸਫੁਰਨ ਹੋਈ, ਗੁਰੂ ਦੇ ਮੁਖ ਤੋਂ ਉਚਾਰਨ ਹੋਈ। ਉਹੀ ਧੁਰ ਕੀ ਬਾਣੀ ਗੁਰਬਾਣੀ ਬਣ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸ੍ਰੀ ਮੁਖ ਵਾਕ ਬਾਣੀ ਹੈ। ਗੁਰੂਆਂ ਦੀ ਉਚਾਰਨ ਕੀਤੀ, ਇਹ ਧੁਰਕੀ ਬਾਣੀ ਵੀ ਹੈ ਤੇ ਗੁਰਬਾਣੀ ਵੀ। ਇਤਿਹਾਸ ਵਿੱਚ ਵੀ ਆਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਮਰਦਾਨੇ ਨੂੰ ਰਬਾਬ ਛੇੜਨ ਲਈ ਕਹਿੰਦੇ ਸਨ :–

"ਮਰਦਾਨਿਆਂ ਰਬਾਬ ਛੇੜ ਬਾਣੀ ਆਈ ਹੈ" ।

ਇਸ ਗਲ ਦਾ ਪਰਤਖ ਪ੍ਰਮਾਣ ਗੁਰਬਾਣੀ ਵਿਚ ਆਏ ਸੰਕੇਤ ਤੋਂ ਵੀ ਮਿਲ ਦਾ ਹੈ ਕਿ ਗੁਰਬਾਣੀ ਧੁਰੋਂ ਆਈ :–

"**ਜੈਸੀ ਮੈਂ ਆਵੈ ਖਸਮ ਕੀ ਬਾਣੀ** ਤੈਸੜਾ ਕਰੀ ਗਿਆਨੁ ਵੇ ਲਾਲੋ

"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ **ਹਰਿ ਕਰਤਾ ਆਪਿ ਮੁਹਹੁ ਕਢਾਏ ॥**

ਵੇਦ ਬਾਣੀ ਬ੍ਰਹਮੇ ਦੇ ਮੁਖ ਤੋਂ ਉਚਾਰਨ ਹੋਈ, ਪਰ ਇਹ ਮੁਕਤੀ ਜਾਂ ਵਾਹਿਗੁਰੂ ਨਾਲ ਮੇਲਨ



www.AKJ.Org

ਲਈ ਸਮਰਥ ਨਹੀ–'
ਪਾਠੁ ਪੜਿਓ ਅਰੁ ਬੇਦੁ ਬੀਚਾਰਿਓ,
ਨਿਵਲਿ ਭੁਅੰਗਮ ਸਾਧੇ ।
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰ ਬੁਧਿ ਬਾਧੇ।
ਪੁਨਃਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ।
ਇਹ ਤਾਂ ਸਿਰਫ ਗੁਰੂ ਨਾਨਕ ਦਾ ਘਰ ਹੀ ਹੈ ਜਿਥੇ ਧੁਰੋਂ ਆਈ ਬਾਣੀ ਗੁਰਬਾਣੀ ਵਿਚ ਪ੍ਰਵਿਰਤ ਹੋ ਗਈ ਤੇ ਇਸਦੇ ਸਰਧਾਵਾਨਾਂ ਨੂੰ ਕੋਈ ਵਖਰਾ ਗੁਰੂ ਧਾਰਨ ਕਰਨ ਦੀ ਲੋੜ ਨਹੀਂ, ਕਿਉਂ ਕਿ ਸ੍ਰੀ ਮੁਖਵਾਕ ਹਨ :–

**"ਬਾਣੀ ਗੁਰੂ ਗੁਰੂ ਹੈ ਬਾਣੀ**
ਵਿਚ ਬਾਣੀ ਅੰਮ੍ਰਿਤ ਸਾਰੇ ॥
ਗੁਰਬਾਣੀ ਕਹੈ ਸੇਵਕ ਜਨੁ ਮਾਨੈ
**ਪਰਤਖਿ ਗੁਰੂ ਨਿਸਤਾਰੇ ॥"**

ਇਹ ਠੀਕ ਹੈ ਕਿ ਸਰੀਰ ਕਰਕੇ ਦਸੇ ਗੁਰੂ ਸਾਹਿਬਾਨ ਸਮਾ ਚੁਕੇ ਹਨ ਪਰ ਉਨਾਂ ਦੀ ਜਾਗਦੀ ਜੋਤ "ਸਹਿ ਕਾਇਆ ਫੇਰਿ ਪਲਟੀਐ" ਦੇ ਗੁਰਵਾਕ ਅਨੁਸਾਰ ਅਜ ਵੀ ਸਾਡੇ ਪਾਸ ਮੌਜੂਦ ਹੈ। ਗੁਰੂ ਨਾਨਕ ਸਾਹਿਬ ਜੀ ਤੋਂ ਗੁਰੂ ਗੱਦੀ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਕ ਪਹੁੰਚੀ ਤਾਂ ਏਥੇ ਪੁਜ ਕੇ ਆਤਮਕ ਮੰਡਲ ਦਾ ਰਾਜ **'ਜੁਗੋ ਜੁਗ ਅਟਲ'** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੋ ਗਿਆ। ਭਾਵ :–ਗੁਰਬਾਣੀ ਦਾ ਇਹ ਬੋਹਿਥ ਸ੍ਰੀ ਗੁਰੂ ਜੀ, ਹੁਣ ਸਦਾ ਸਦਾ ਲਈ ਰਹਿਨੁਮਾ ਬਣ ਗਏ ।

ਗੁਰੂ ਨਾਨਕ ਸਾਹਿਬ ਨੇ ਚਹੁ ਵਰਨਾਂ ਨੂੰ ਸਾਂਝਾ ਉਪਦੇਸ਼ ਦੇ ਕੇ ਅਤੇ ਗੁਰਬਾਣੀ ਨੂੰ ਗੁਰੂ ਬਣਾਕੇ ਆਤਮਕ ਮੰਡਲ ਵਿਚ ਇਕ ਨਵੀਨਤਾ ਲਿਆਂਦੀ। ਹੁਣ ਗੁਰਬਾਣੀ ਹੀ ਜਗਿਆਸੂ ਲਈ ਚਾਨਣ ਮੁਨਾਰਾ ਹੈ। ਬਾਣੀ ਵੀ ਉਹ ਬਾਣੀ ਜੋ ਧੁਰੋ ਆਈ ਅਤੇ ਧੁਰ ਨਾਲ ਮੇਲਣ ਲਈ ਸਮਰਥ ਹੈ ।

'ਬਾਣੀ ਗੁਰਬਾਣੀ ਲਾਗੇ ਤਿਨੁ ਹਥਿ ਚੜਿਆ ਰਾਮ'

ਏਥੇ ਪੁਜ ਕੇ ਜਗਿਆਸੂ ਨੂੰ ਹੁਣ ਮਨੁਖ ਦੀ ਮੁਥਾਜੀ ਦੀ ਲੋੜ ਨਹੀਂ। ਭਾਵ:–ਦੇਹਧਾਰੀ ਗੁਰੂ ਧਾਰਨ ਕਰਨ ਦਾ ਟੰਟਾ ਸਦਾ ਸਦਾ ਲਈ ਮੁਕਾ ਦਿਤਾ ਗਿਆ। ਫਿਰ ਭੀ ਜੇ ਕੋਈ ਜਗਿਆਸੂ ਦੇਹ ਧਾਰੀ ਗੁਰੂਆਂ ਦੇ ਮਗਰ ਭਜਿਆ ਫਿਰੇ ਅਤੇ 'ਨਾਮ' ਲੈਣ ਦੇ ਤਰਲੇ ਲੈਂਦਾ ਫਿਰੇ ਤਾਂ ਉਸਦੀ ਭੁਲ ਹੈ ਕਿਉਂਕਿ ਗੁਰੂ ਕੀ ਬਾਣੀ ਨਾਮ ਦੇਣ ਦੇ ਸਮਰਥ ਹੈ

" ਗੁਰ ਕੀ ਬਾਣੀ ਨਾਮਿ ਵਜਾਏ ।"

ਅਜ ਦੇ ਦੇਹਧਾਰੀ ਗੁਰੂਆਂ ਪਾਸ ਧੁਰ ਕੀ ਬਾਣੀ ਨਹੀ ਹੈ ਇਹ ਸੇਹਰਾ ਤਾਂ ਕੇਵਲ ਗੁਰੂ ਨਾਨਕ ਦੇ ਸਿਰ ਹੈ ਜਿਨਾਂ ਧੁਰ ਕੀ ਬਾਣੀ ਨੂੰ ਗੁਰਬਾਣੀ ਵਿਚ ਬਦਲਕੇ ਸਾਡੇ ਜਹੇ ਅਲਪਗ ਜੀਵਾਂ ਦਾ ਉਧਾਰ ਕਰਨ ਹਿਤ ਇਹ ਬੋਹਿਥ ਰਚਨ ਦਾ ਪਰਉਪਕਾਰ ਕੀਤਾ।

ਅਜੇ ਇਸ ਧੁਰ ਦੀ ਬਾਣੀ ਨੂੰ ਗੁਰੂ ਗਦੀ ਪ੍ਰਾਪਤ ਨਹੀਂ ਸੀ ਹੋਈ ਜਾਂ ਇਉਂ ਕਹੀਏ ਕਿ **ਤਾਜਪੋਸ਼ੀ** ਦੀ ਰਸਮ ਅਦਾ ਨਹੀਂ ਸੀ ਹੋਈ ਪਰ ਉਦੋਂ ਦੀ ਇਹ ਧੁਰ ਕੀ ਬਾਣੀ ਨੂੰ ਗੁਰੂ ਤੁਲ ਸਨਮਾਨ ਮਿਲਿਆ। ਇਤਿਹਾਸ ਵਿਚੋਂ ਗੁਰੂ ਅਰਜਨ ਸਾਹਿਬ ਜੀ ਦੀਆਂ ਘਾਲਨਾ ਤੋਂ ਸੰਕੇਤ ਮਿਲਦਾ ਹੈ ਕਿ ਕਿਤਨੇ ਅਦਬ ਸਤਿਕਾਰ ਨਾਲ ਆਪ ਨੇ ਗੁਰਬਾਣੀ ਕਠੀ ਕੀਤੀ ਅਤੇ ਫਿਰ ਪਾਲਕੀ


www.AKJ.Org

ਵਿਚ ਸਵਾਰੀ ਕਰਾ ਕੇ ਆਪ ਨੰਗੇ ਪੈਰੀਂ ਪਰਕਰਮਾਂ ਕਰਦੇ ਹੋਏ ਬੜੇ ਪਿਆਰ ਵਿਚ ਸ੍ਰੀ ਗੋਇੰਦਵਾਲ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਜੀ ਲਿਆਏ। ਜਾਂ ਫਿਰ ਗੁਰੂ ਹਰਿਰਾਏ ਸਾਹਿਬ ਜੀ ਗੁਰਬਾਣੀ ਸੁਣਦੇ ਸਾਰ ਹੀ ਪਲੰਘ ਤੋਂ ਅਦਬ ਵਜੋਂ ਉਤਰਨ ਲਘੇ ਤਾਂ ਆਪਨੂੰ ਸਟ ਲਗੀ। ਗੁਰਸਿਖਾਂ ਦੇ ਪੁਛਨ ਤੇ ਆਪਦਾ ਜੋ ਉਤਰ ਸੀ ਉਸਤੋਂ ਸਪਸ਼ਟ ਸੰਕੇਤ ਮਿਲਦਾ ਹੈ ਕਿ ਇਹ ਧੁਰ ਕੀ ਬਾਣੀ ਉਦੋਂ ਵੀ ਗੁਰੂ ਤੁਲ ਸੀ ਭਾਵੇਂ ਅਜੇ ਤਾਜਪੋਸ਼ੀ ਹੋਣੀ ਬਾਕੀ ਸੀ

ਗੁਰੂ ਘਰ ਵਿਚ ਹਰਇਕ ਗੁਰਸਿਖ ਇਸ ਲਈ ਯਤਨ ਕਰਦਾ ਹੈ ਕਿ ਉਹ ਨਿਤਾ ਪ੍ਰਤੀ ਵਧ ਤੋਂ ਵਧ ਬਾਣੀ ਦਾ ਪਾਠ ਕਰੇ ਅਥਵਾ ਸੁਣੇ। ਅੰਮ੍ਰਿਤਧਾਰੀ ਸਿੰਘਾਂ ਲਈ ਤਾਂ ਪੰਜ ਬਾਣੀਆਂ ਦਾ ਨਿਤਨੇਮ ਰਹਿਤ ਦਾ ਇਕ ਅੰਗ ਹੈ। ਕਈ ਲੋਕਾਂ ਨੂੰ ਖਾਸ ਕਰ ਪਛਮੀ ਵਿਦਿਆ ਦੇ ਅਸਰ ਹੇਠ ਲੋਕਾਂ ਨੂੰ ਇਸ ਗੱਲ ਦੀ ਸ਼ੰਕਾ ਹੁੰਦੀ ਹੈ ਕਿ 'ਐਵੇਂ ਗੁਰਬਾਣੀ ਪੜ੍ਹਨ ਦਾ ਕੀ ਫਾਇਦਾ ਹੈ ? 'ਚੰਗੇ ਕੰਮ ਕਰਨੇ ਚਾਹੀਦੇ ਹਨ'। ਪਰ ਉਨਾਂ ਨੂੰ ਸ਼ਾਇਦ ਕਦੀ ਇਸ ਗਲ ਦਾ ਖਿਆਲ ਨਹੀਂ ਆਇਆ ਕਿ ਜਿਸ ਤਰ੍ਹਾਂ ਕਈ ਰੋਗ ਬਿਜਲੀ ਦੀ ਕਰੰਟ ਲਵਾਉਣ ਨਾਲ ਨਸ਼ਟ ਹੋ ਜਾਂਦੇ ਹਨ ਇਸ ਤਰਾਂ ਗੁਰਬਾਣੀ ਰੂਪੀ ਬਿਜਲੀ ਦੀ ਕਰੰਟ ਨਾਲ ਜਦੋਂ ਛੋਹੀਦਾ ਹੈ–ਪਾਠ ਰਾਹੀਂ ਜਾਂ ਕੀਰਤਨ ਕਰਨ ਸੁਨਣ ਰਾਹੀਂ ਉਦੋਂ ਅਣਗਿਣਤ ਕਿਤਨੇ ਹੀ ਮਾਨਸਿਕ ਅਤੇ ਸਰੀਰਕ ਰੋਗ ਦੂਰ ਹੋ ਜਾਂਦੇ ਹਨ।

"ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।"

ਇਸ ਲਈ ਗੁਰੂਨਾਨਕ ਦੇ ਘਰ ਵਿਚ ਗੁਰਬਾਣੀ ਦਵਾਈ ਵੀ ਹੈ ਤੇ ਟਾਨਿਕ ਵੀ। ਗੁਰੂ ਵੀ ਹੈ ਤੇ ਅਕਾਲ ਪੁਰਖ ਨਾਲ ਮੇਲ ਕਰਾਵਨ ਹਾਰੀ ਵੀ। ਇਸ ਲਈ :–

"ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ ॥"

## ਕੀਰਤਨ ਰੈਣ ਸਬਾਈ

ਪਿੰਡ ਛਾਪਾ ਤਸੀਲ ਬਰਨਾਲਾ ਜ਼ਿਲਾ ਸੰਗਰੂਰ ਵਿਖੇ ਕੀਰਤਨ ਰੈਣ ਸਬਾਈ ੧੯.੧੧.੬੬ ਤੇ ੨੦.੧੧.੬੬ ਦੀ ਵਿਚਕਾਰਲੀ ਰਾਤ ਨੂੰ ਹੋਵੇਗਾ। ਆਪ ਸੰਗੀ ਸਾਥੀਆਂ ਸਮੇਤ ਦਰਸ਼ਨ ਬਖਸ਼ ਕੇ ਲਾਹੇ ਭੁੰਚੋ।

ਨੋਟ :–ਪਿੰਡ ਛਾਪਾ ਸਰਹੰਦ ਨਹਿਰ ਦੇ ਬਠਿੰਡਾ ਬਰਾਂਚ ਲੋਟਵਦੀ ਦੇ ਪੁਲ ਤੋਂ ਜਿਹੜਾ ਰਜਵਾਹਾ ਨਿਕਲਦਾ ਹੈ। ਉਸ ਦੇ ਪੰਜਵੇਂ ਮੀਲ ਤੇ ਹੈ। ਰਾਏ ਕੋਟ ਤੋਂ ੪ ਮੀਲ ਹੈ। ਰਾਏ ਕੋਟ ਤੋਂ ਸੰਗਤਾਂ ਨੂੰ ਲਿਜਾਣ ਦਾ ਟਰੈਕਟਰਾਂ ਦਾ ਪਰਬੰਦ ਕੀਤਾ ਗਿਆ ਹੈ। ਪੁਛ ਗਿਛ ਲਈ

ਮਾ: ਉਜਾਗਰ ਸਿੰਘ ਪਿੰਡ ਫਰਵਾਲੀ
ਡਾਕਖਾਨਾ ਲੋਟਵਦੀ ਬਰਾਸਤਾ ਰਾਏ ਕੋਟ
ਜ਼ਿਲਾ ਸੰਗਰੂਰ



www.AKJ.Org

# ਗੁਰੂ ਨਾਨਕ ਦੇਵ ਜੀ ਦਾ ਮਾਨਵ ਵਾਦ

ਪ੍ਰੋ. ਕੁਲਦੀਪ ਕੌਰ ਜੀ M.A.M.ED ਪਟਿਆਲਾ ।

ਕ

ਲੜੀ ਜੋੜਨ ਲਈ ਦੇਖੋ ਅਕਤੂਬਰ ਦਾ ਪਰਚਾ

ਗੁਰੂ ਨਾਨਕ ਦੇਵ ਜੀ ਅੰਤਰ–ਆਤਮੇ ਦੀਆਂ ਗੱਲਾਂ ਕਰਨ ਵਾਲੇ ਸਨ । ਉਨ੍ਹਾਂ ਨੇ ਪ੍ਰਭੂ–ਪਿਆਰ ਤੇ ਮਾਨਵ ਪਿਆਰ ਦੀ ਪ੍ਰਧਾਨਤਾ ਦਰਸਾਈ । ਪਿਆਰ ਵਿਚ ਹੀ ਆਤਮਿਕ ਜੀਵਨ ਦਾ ਭੇਤ ਲੁਕਿਆ ਹੋਇਆ ਹੈ । ਗੁਰੂ ਜੀ ਨੇ ਆਪਣਾ ਜੀਵਨ ਹੀ ਪਿਆਰ ਦੇ ਅਰਪਨ ਕਰ ਦਿੱਤਾ ਹੋਇਆ ਸੀ । ਮਾਨਵ–ਪਿਆਰ ਨੇ ਹੀ ਉਨ੍ਹਾਂ ਨੂੰ ਪਰਚਾਰ–ਫੇਰੀਆਂ ਲਈ ਪ੍ਰੇਰਿਆ । ਪਿਆਰ ਹੀ ਸੀ ਜੋ ਉਨ੍ਹਾਂ ਨੂੰ ਸੱਜਣ ਠਗ ਕੋਲ ਲੈ ਗਿਆ । ਪਿਆਰ ਦੀ ਖਿੱਚ ਨਾਲ ਹੀ ਉਹ ਕੌਡੇ ਰਾਕਸ਼ ਨੂੰ ਤਾਰਨ ਲਈ ਇੰਨੀ ਦੂਰ ਪਹੁੰਚੇ । ਪਿਆਰ ਹੀ ਪ੍ਰਭੂ ਹੈ । ਪਿਆਰ ਆਪ ਦੇ ਹਿਰਦੇ ਵਿਚ ਸੀ ਜਿਸ ਕਰ ਕੇ ਆਪ ਪ੍ਰਭੂ ਦੀ ਸ਼ਕਤੀ ਦੇ ਸਵਾਮੀ ਸਨ । ਪਰ ਇੰਨਾ ਕੁਝ ਹੁੰਦਿਆਂ ਹੋਇਆਂ ਵੀ ਆਪ ਮਨੁਖ ਦੇ ਸਤਿਕਾਰ ਨੂੰ ਕਦੇ ਅਖੋਂ ਉਹਲੇ ਨਹੀਂ ਸਨ ਕਰਦੇ ਅਤੇ ਮਨੁਖੀ ਭਲਾਈ ਨੂੰ ਹੀ ਆਪਣਾ ਪ੍ਰਮੁੱਖ ਆਦਰਸ਼ ਮੰਨਦੇ ਸਨ । ਆਪਦੇ ਸਾਮ੍ਹਣੇ ਸਭ ਮਨੁਖ ਸਮਾਨ ਸਨ, ਜਾਤ ਪਾਤ ਦੇ ਵਖੇਵੇਂ ਆਪ ਨੂੰ ਦੁਖਾਵੇਂ ਪ੍ਰਤੀਤ ਹੁੰਦੇ ਸਨ । ਇਸੇ ਲਈ ਤਾਂ ਆਪ ਫੁਰਮਾਉਂਦੇ ਹਨ :–

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ ॥

ਆਪ ਸਹੀ ਅਰਥਾਂ ਵਿੱਚ ਮਾਨਵਵਾਦੀ ਸਨ. ਹਿਰਦੇ ਦੀਆਂ ਧੁਰ ਡੂੰਘਾਣਾਂ ਤੋਂ ਮਾਨਵ ਜੀਵਨ ਦਾ ਸਤਿਕਾਰ ਕਰਦੇ ਸਨ । ਮਾਨਵ ਵਾਦ ਦਾ ਆਧਾਰ ਰਬ ਦੀ ਹੋਂਦ ਤੋਂ ਇਨਕਾਰੀ ਹੋਣਾ ਨਹੀਂ । ਨਾ ਹੀ ਇਸਦਾ ਆਧਾਰ ਆਪੇ ਵਲੋਂ ਮੂੰਹ ਮੋੜਨਾ ਹੈ ਸਗੋਂ ਆਪੇ ਨੂੰ ਕਿਸੇ ਅਗੰਮੀ ਚੰਗਿਆੜੀ ਨਾਲ ਪ੍ਰਜੁਲਤ ਕਰਨਾ ਹੈ । **ਰਬ ਤੱਕ ਅਪੱੜਨ ਲਈ ਮਨੁਖਤਾ ਦੇ ਦਰ ਤੋਂ ਲੰਘਣਾ ਆਵਸ਼ਕ ਹੈ । ਇਸੈ** ਲਈ ਆਪਨੇ ਚਿਤਾਵਨੀ ਕਰਾਈ :–

ਭਈ ਪਰਾਪਤਿ ਮਨੁਖ ਦੇਹੁਰੀਆ
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਆਪਨੇ ਜੋ ਮਾਨਵਤਾ ਦਾ ਸਤਿਕਾਰ ਕੀਤਾ



www.AKJ.Org

ਹੈ ਤਾਂ ਉਸ ਸਤਿਕਾਰ ਨੂੰ ਕਿਸੇ ਵਿਸ਼ੇਸ਼ ਸ਼੍ਰੇਣੀ ਵਿਸ਼ੇਸ਼ ਭੂਗੋਲਕ ਇਕਾਈ ਜਾਂ ਕਿਸੇ ਵਿਸ਼ੇਸ਼ ਸੰਪ੍ਰਦਾ ਤੱਕ ਹੀ ਸੀਮਿਤ ਨਹੀਂ ਰਖਿਆ ਸਗੋਂ ਇਸ ਸਤਿਕਾਰ ਦੀ ਸੀਮਾ ਸਾਰੇ ਵਿਸ਼ਵ ਨੂੰ ਹੀ ਨਹੀਂ, ਸਾਰੇ ਧਰਮਾਂ ਨੂੰ ਹੀ ਨਹੀਂ, ਸਾਰੀਆਂ ਸੰਪ੍ਰਦਾਵਾਂ ਨੂੰ ਹੀ ਨਹੀਂ ਸਗੋਂ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਨੂੰ ਵੀ ਆਪਣੀ ਵਲਗਣ ਵਿੱਚ ਲੈ ਲੈਂਦੀ ਹੈ। ਆਪ ਨੇ ਈਸਾ ਵਾਂਗ ਇਹ ਨਹੀਂ ਕਹਿਆ ਕਿ ਕੇਵਲ ਮੇਰਾ ਨਾਮ ਹੀ ਤੁਹਾਨੂੰ ਨਜਾਤ ਦਿਵਾ ਸਕਦਾ ਹੈ ਅਤੇ ਨਾ ਹੀ ਆਪ ਨੇ ਸ਼ਕਤੀ ਕੇਵਲ ਮੋਮਨ ਲਈ ਹੀ ਰਾਖਵੀਂ ਰੱਖੀ ਹੈ ਸਗੋਂ ਆਪ ਮਨੁਖ ਮਾਤਰ ਦੇ ਕਲਿਆਣ ਲਈ ਇੰਜ ਅਰਦਾਸ ਕਰਦੇ ਹਨ :—

ਜਗਤੁ ਜਲੰਦਾ ਰਖਿ ਲੈ
ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ
ਤਿਤੈ ਲੈਹੁ ਉਬਾਰਿ ॥

ਆਪਦੀਆਂ ਨਜ਼ਰਾਂ ਵਿਚ 'ਨ ਕੋਈ ਹਿੰਦੂ ਨ ਕੋਈ ਮੁਸਲਮਾਨ' ਹੈ ਸਗੋਂ ਆਪਦੀ ਦ੍ਰਿਸ਼ਟੀ ਵਿੱਚ ਸਭ ਉਸ ਈਸ਼ਵਰ ਪਿਤਾ ਦੇ ਸਾਜੇ ਹੋਏ ਮਨੁਖ ਹਨ। ਹਜ਼ਰਤ ਮੁਹੰਮਦ ਦੇ ਪੈਰੋਕਾਰ ਮੁਸਲਮਾਨਾਂ ਨੂੰ ਆਪ ਨੇ ਇਹ ਨਹੀਂ ਆਖਿਆ ਕਿ 'ਤੁਸੀਂ ਕੁਰਾਹੇ ਪਏ ਹੋ, ਤੁਸੀਂ ਨੀਵੇਂ ਹੋ। ਜੇ ਮੁਕਤੀ ਚਾਹੁੰਦੇ ਹੋ ਤਾਂ ਮੇਰੇ ਦਰ ਤੇ ਆਓ।' ਸਗੋਂ ਆਪ ਨੇ ਉਨ੍ਹਾਂ ਨੂੰ ਸਮਝਾਇਆ:-

ਮੁਸਲਮਾਣੁ ਕਹਾਵਣੁ ਮੁਸਕਲੁ,
ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ,
ਮੁਸਲਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ,
ਮਰਣ ਜੀਵਨ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮਨੇ ਸਿਰ ਉਪਰਿ,
ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰ—
ਮਤਿ ਹੋਇ ਤ ਮੁਸਲਮਾਣੁ ਕਹਾਵੈ ॥

ਮੁਸਲਮਾਨਾਂ ਨੂੰ ਆਪ ਨੇ ਨਿਮਾਜ਼ਾਂ ਪੜ੍ਹਨੋ ਰੋਕਿਆ ਨਹੀਂ ਸਗੋਂ ਕਾਜ਼ੀ ਨਾਲ ਬਹਿਸ ਕਰਦਿਆਂ ਹੋਇਆਂ ਆਪਣੇ ਨਿਮਾਜ਼ਾਂ ਦੀ ਵਿਆਖਿਆ ਇਉਂ ਕੀਤੀ :—

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰੁ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾਂ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥

ਇਥੇ ਹੀ ਬਸ ਨਹੀਂ ਸਗੋਂ ਆਪ ਨੇ ਤਾਂ ਇਸਲਾਮ ਨਾਲ ਸੰਬੰਧਤ ਹੋਰ ਚਿੰਨ੍ਹਾਂ ਤੇ ਕਰਮ ਕਾਂਡਾ ਦੀ ਵਿਆਖਿਆ ਕਰਦਿਆਂ ਹੋਇਆਂ ਵੀ ਇਉਂ ਉਚਾਰਨ ਕੀਤਾ :—

ਮਿਹਰ ਮਸੀਤਿ ਸਿਦਕੁ ਮੁਸਲਾ,
ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ,
ਹੋਹੁ ਮੁਸਲਮਾਣੁ ॥
ਕਰਣੀ ਕਾਬਾ ਸਚੁ ਪੀਰੁ,
ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ,
ਨਾਨਕ ਰਖੈ ਲਾਜ ॥

'ਕਰਮ ਧਰਮ ਪਾਖੰਡ ਜੋ ਦੀਸਹਿ' ਇਨ੍ਹਾਂ ਸਭਨਾਂ ਨਾਲੋਂ ਆਪ ਨੇ ਸ਼ੁਭ ਅਮਲਾਂ ਨੂੰ ਵਿਸ਼ੇਸ਼ਤਾ ਦਿੱਤੀ। ਜਿਸ ਦੇ ਅਮਲ ਸ਼ੁਭ ਨਹੀਂ ਉਹ ਭਾਵੇਂ ਹਿੰਦੂ ਹੈ ਤੇ ਭਾਵੇਂ ਮੁਸ਼ਲਮਾਨ, ਭਾਵੇਂ ਬੋਧੀ ਹੈ ਤੇ ਭਾਵੇਂ ਜੈਨੀ, ਭਾਵੇਂ ਗਿਰਹੀ ਹੈ ਤੇ ਭਾਵੇਂ ਉਦਾਸੀ ਉਸਦਾ ਕਲਿਆਣ ਨਹੀਂ


www.AKJ.Org

ਹੋ ਸਕਦਾ। ਭਾਈ ਗੁਰਦਾਸ ਜੀ ਨੇ ਕਿੰਨੇ ਸੋਹਣੇ ਸ਼ਬਦਾਂ ਵਿੱਚ ਦੱਸਿਆ ਹੈ :–

ਬਾਬਾ ਆਖ ਹਾਜੀਆਂ,
ਸੁਭ ਅਮਲਾਂ ਬਾਝੋਂ ਦੋਵੇਂ ਰੋਈ ॥
ਹਿੰਦੂ ਮੁਸੱਲਮਾਨ ਦੁਇ,
ਦਰਗਹਿ ਅੰਦਰ ਲੈਨ ਨ ਢੋਈ ॥
ਕੱਚਾ ਰੰਗ ਕੁਸੁੰਭ ਕਾ,
ਪਾਣੀ ਧੋਤੈ ਥਿਰ ਨ ਰਹੋਈ ॥
ਕਰਨ ਬਖੀਲੀ ਆਪ ਵਿੱਚ,
ਰਾਮ ਰਹੀਮ ਕਥਾਇ ਖਲੋਈ ॥
ਰਾਹ ਸੈਤਾਨੀ ਦੁਨੀਆਂ ਗੋਈ ॥

ਉਸ ਸਮੇਂ ਭਾਰਤ ਵਿੱਚ ਤਿੰਨ ਪਰਕਾਰ ਦੀ ਧਾਰਮਿਕ ਠਗੀ ਚਲ ਰਹੀ ਸੀ। ਮਾਨਵਤਾ ਜਿਸ ਰਾਹ ਜਾਂਦੀ ਉਸੇ ਰਾਹ ਉਸਨੂੰ ਠਗਣ ਤੇ ਲੁੱਟਣ ਵਾਲੇ ਠਗ, , ਲੁਟੇਰੇ ਤੇ ਡਾਕੂ ਮਿਲਦੇ। ਅਨਜਾਣ ਜਨਤਾ ਇਨ੍ਹਾਂ ਦੀ ਗ਼ਰਜ਼ ਦਾ ਸ਼ਿਕਾਰ ਹੋ ਰਹੀ ਸੀ। ਇਨ੍ਹਾਂ ਤਿੰਨਾਂ ਦੇ ਪਾਜ ਗੁਰੂ ਜੀ ਨੇ ਚੰਗੀ ਤਰ੍ਹਾਂ ਖੋਲ੍ਹੇ :–

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥ ੨ ॥
ਸੋ ਜੋਗੀ ਜੋ ਜੁਗਤਿ ਪਛਾਣੈ ॥
ਗੁਰਪਰਸਾਦੀ ਏਕੋ ਜਾਣੈ ॥
ਕਾਜੀ ਸੋ ਜੋ ਉਲਟੀ ਕਰੈ ॥
ਗੁਰ ਪਰਸਾਦੀ ਜੀਵਤੁ ਮਰੈ ॥
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥
ਆਪਿ ਤਰੈ ਸਗਲੇ ਕੁਲ ਤਾਰੈ ॥ ੩ ॥

ਸਿੱਧ ਗੋਸਟਿ ਵਿੱਚ ਗੁਰੂ ਜੀ ਨੇ ਸਿੱਧਾਂ ਤੇ ਜੋਗੀਆਂ ਦੇ ਕਰਮ ਕਾਂਡਾਂ ਦੀ ਖੁਲ੍ਹੀ ਟੀਕਾ ਟਿਪਣੀ ਕਰਕੇ ਸਹੀ ਜੋਗ ਦੇ ਲੱਛਣ ਦੱਸੇ ਹਨ। ਜੋਗ ਨੂੰ ਮਾੜਾ ਨਹੀਂ ਆਖਿਆ ਸਗੋਂ ਦੱਸਿਆ ਹੈ ਕਿ ਜੋਗ ਨੂੰ ਬਾਹਰਲੇ ਰੰਗ ਰੋਗ਼ਨ ਤੱਕ ਹੀ ਸੀਮਿਤ ਕਰਕੇ ਅੰਦਰੋਂ ਖੋਖਲਾ ਕਰਨਾ ਠੀਕ ਨਹੀਂ। ਇਸੇ ਤਰ੍ਹਾਂ ਗਰੀਬ ਜਨਤਾ ਨੂੰ ਕੁਰਾਹੇ ਪਾਉਣ ਵਾਲੇ ਬ੍ਰਾਹਮਣਾਂ ਦੀਆਂ ਪ੍ਰਚੱਲਤ ਕੀਤੀਆਂ ਧਾਰਮਿਕ ਰਹੁ ਰੀਤਾਂ ਦੀ ਗੁਰੂ ਜੀ ਨੇ ਕਰੜੀ ਆਲੋਚਨਾ ਕੀਤੀ ਹੈ। 'ਆਸਾ ਜੀ ਦੀ ਵਾਰ' ਦੀਆਂ ਕੁਝ ਪੰਕਤੀਆਂ ਹੀ ਇਸਦੀ ਪ੍ਰੋੜ੍ਹਤਾ ਲਈ ਕਾਫੀ ਹਨ :–

ਪੜਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕੁ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥
ਸਭਿ ਫੋਕਟ ਨਿਸਚਉ ਕਰਮੰ ॥

ਅਤੇ ਫਿਰ :–

ਲਿਖਿ ਲਿਖਿ ਪੜਿਆ ਤੇਤਾ ਕੜਿਆ ॥
ਬਹੁ ਤੀਰਥ ਭਵਿਆ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਆਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ ॥
ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ।
ਪਗਉਪੇ ਤਾਣਾ ਅਪਣਾ ਕੀਆ ਕਮਾਣਾ।
ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥

ਇਨ੍ਹਾਂ ਧਾਰਮਿਕ ਆਗੂਆਂ ਤੋਂ ਛੁਟ ਮਾਨਵਤਾ ਦਾ ਲਹੂ ਪੀਣ ਵਾਲੇ ਰਾਜ ਪ੍ਰਬੰਧਕ ਵੀ ਸਨ ਜਿਨ੍ਹਾਂ ਨੇ ਜਨ-ਸਾਧਾਰਨ ਨੂੰ ਗ਼ੁਲਾਮੀ



www.AKJ.Org

ਦੇ ਸੰਗਲਾਂ ਵਿੱਚ ਜਕੜਿਆ ਹੋਇਆ ਸੀ। ਤੜਫਦੀ ਤੇ ਵਿਲਕਦੀ ਮਾਨਵਤਾ ਨੂੰ ਵੇਖਕੇ ਗੁਰੂ ਜੀ ਦਾ ਹਿਰਦਾ ਕੁਰਲਾ ਉਠਿਆ ਅਤੇ ਆਪ ਨੇ ਇਨ੍ਹਾ ਚੌਧਰੀਆਂ ਤੇ ਨਵਾਬਾਂ ਨਾਲ ਟੱਕਰ ਲਈ। ਕਿੱਨੀ ਦਲੇਰੀ ਨਾਲ ਆਪ ਨੇ ਇਨ੍ਹਾਂ ਵਿਰੁੱਧ ਆਵਾਜ਼ ਉਠਾਈ :—

ਕਲਿ ਕਾਤੀ ਰਾਜੇ ਕਾਸਾਈ,
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ
ਨਾਹੀ ਕਹ ਚੜਿਆ ॥

ਸੁਲਤਾਨ ਪੁਰ ਦੇ ਕਾਜ਼ੀਆਂ ਤੇ ਨਵਾਬਾਂ ਨੂੰ ਆਪ ਨੇ ਚਿਤਾਵਨੀ ਕਰਾਈ :—

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

ਬਾਬਰ ਵਾਣੀ ਵਿੱਚ ਆਪ ਨੇ ਜਰਵਾਲਿਆ ਦੇ ਜ਼ੁਲਮਾਂ ਦਾ ਬੜਾ ਵਾਸਤਵਿਕ ਦ੍ਰਿਸ਼ ਪੇਸ਼ ਕੀਤਾ ਹੈ। ਆਪ ਨੇ ਜ਼ਾਲਮਾਂ ਦੇ ਜ਼ੁਲਮਾਂ ਤੇ ਕੇਵਲ ਝਾਤੀ ਹੀ ਨਹੀਂ ਪੁਆਈ ਸਗੋਂ ਇਨ੍ਹਾਂ ਦੁਰਗਤੀਆਂ ਦੇ ਕਾਰਣ ਵੀ ਦੱਸੇ ਹਨ ਅਤੇ ਇਨ੍ਹਾਂ ਦੂਰ ਕਰਨ ਦੇ ਸਾਧਨ ਵੀ ਸੁਝਾਏ ਹਨ। ਇਸ ਤਰ੍ਹਾਂ ਆਪ ਰਾਜਨੀਤਿਕ ਖੇਤ੍ਰ ਵਿੱਚ ਵੀ ਮਾਨਵਤਾ ਦੇ ਪਥ ਪ੍ਰਦਰਸ਼ਕ ਬਣੇ। "ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰੁਦ ਨ ਆਇਆ" ਤੋਂ ਆਪ ਦੀ ਹਾਰਦਿਕ ਕੋਮਲਤਾ ਦਾ ਪੂਰਾ ਗਿਆਨ ਹੋ ਜਾਂਦਾ ਹੈ। ਇਕ ਦਰਦ ਭਰੇ ਤੇ ਕੋਮਲ ਹਿਰਦੇ ਵਿਚੋਂ ਹੀ ਮਾਨਵ-ਵਾਦ ਦੇ ਵਿਚਾਰ ਉਗਮਦੇ ਤੇ ਪਰਫੁੱਲਤ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਮਾਨਵ ਵਾਦ ਮਾਨਵ-ਪਿਆਰ ਵਿਚੋਂ ਉਪਜਿਆ। ਇਸ ਮਾਨਵ-ਵਾਦ ਦੇ ਮੁਖ ਸਿਧਾਂਤ ਸਨ। ਰਬ ਦੀ ਏਕਤਾ ਤੇ ਮਨੁੱਖ ਦੀ ਭ੍ਰਤ੍ਰੀਅਤਾ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਨਿਰਮਾਣਤਾ, ਪ੍ਰੇਮ, ਸੇਵਾ, ਈਮਾਨਦਾਰੀ, ਧਾਰਮਿਕ ਸਹਿਨ ਸ਼ੀਲਤਾ ਮਾਇਆ ਅਤੇ ਸ਼ਕਤੀ ਦੀ ਇੱਛਾ ਤੇ ਕਾਬੂ ਅਤੇ ਸੁਤੰਤ੍ਰਤਾ ਲਈ ਪਿਆਰ। ਇਨ੍ਹਾਂ ਸਿਧਾਂਤਾਂ ਨੂੰ ਮੁੱਖ ਰੱਖਕੇ ਜਨ ਸਮੂਹ ਦੇ ਭਲੇ ਲਈ ਪਰਚਾਰ ਕੀਤਾ। ਜੋ ਕੁਝ ਕਰਿਆ, ਕਰਕੇ ਵਿਖਾਇਆ। ਕਥਨੀ ਤੇ ਕਰਨੀ ਨੂੰ ਇਕ ਮਿਕ ਕਰਕੇ ਪਰਚਾਰ ਨੂੰ ਕ੍ਰਿਆਤਮਕ ਰੂਪ ਦਿਤਾ। ਇਸ ਤਰਾਂ ਆਪ ਸਹੀ ਅਰਥਾਂ ਵਿੱਚ ਇਕ ਮਹਾਨ ਮਾਨਵਵਾਦੀ ਹੋ ਨਿਬੜੇ।


ਜੁਗੋ ਜੁਗ ਅਟਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦਾ

## ਗੁਰਆਈ ਗੁਰਪੁਰਬ

ਪਿਛਲੇ ਸਾਲਾਂ ਦੀ ਤਰਾਂ ਇਸ ਸਾਲ ਵੀ ਸੱਤ ਸੰਗ ਸਭਾ ਪਟਿਆਲਾ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਆਈ ਗੁਰਪੁਰਬ ਸ਼ੇਰੇ ਪੰਜਾਬ ਮਾਰਕੀਟ ਪਟਿਆਲਾ ਵਿਖੇ ੧੩ ਤੇ ੧੪ ਨਵੰਬਰ ੧੯੬੬ ਨੂੰ ਮਨਾਇਆ ਜਾ ਰਿਹਾ ਹੈ। ਸਰਬਤ ਸੰਗਤਾਂ ਹੁਮ ਹੁਮਾਂ ਕੇ ਪੁਜਨ ਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

**ਸੱਤ ਸੰਗ ਸੱਭਾ,**
ਪਟਿਆਲਾ।





www.AKJ.Org

# ਸੰਤ ਗੁਰੂ, ਗੁਰੂ ਨਾਨਕ

ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

## ਸਤਿਗੁਰੁ ਮੇਰਾ ਸਦਾ ਸਦਾ ਨ ਆਵੈ ਨ ਜਾਇ॥
## ਓਹ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥

ਮਤੁ ਜਾਣਹੁ ਸਤਿਗੁਰ ਨਾਨਕ ਦੇਵ ਗੈਰ ਹਾਜ਼ਰ ਹੈ, ਉਹ ਸਦਾ ਸਦਾ ਹਾਜ਼ਰ ਨਾਜ਼ਰ ਹੈ। ਸਾਰਿਆਂ ਅੰਦਰਿ ਸਭਨਾਂ ਦੇ ਘਟਾਂ ਅੰਦਰਿ ਸਮਾਇ ਰਹਿਆ ਹੈ। ਉਹ ਕਦੇ ਵੀ ਨਾਸ਼ਵੰਤ ਨਹੀਂ ਹੈ। ਨਾ ਦਿਬਯ ਜੋਤਿ ਕ੍ਰਾਂਤ ਕਰਕੇ ਨਾਹੀਂ ਜੋਤਿ ਤਤ ਮਤਾਂਤ ਕਰਕੇ ਕਦੇ ਵੀ ਨਾਸ਼ਵੰਤ ਨਹੀਂ ਹੋਇਆ, ਸਦਾ ਅਭਿਨਾਸ਼ੀ ਹੈ। ਮਨ ਭਾਵਨੀ ਤੇ ਜਦ ਚਾਹੇ ਪ੍ਰਗਟ ਹੋਇ ਆਉਂਦਾ ਹੈ। ਸਤਿਗੁਰ ਨਾਨਕ ਦੇਵ ਦੀ ਜੋਤਿ ਤਾਂ ਜੋਤੀਸ਼ ਸਰੂਪ ਵਾਹਿਗੁਰੂ ਵਿਖੇ ਸਮਾਇ ਗਈ। ਪ੍ਰੰਤੂ ਇਸ ਅਵਸਥਾ ਵਿਚ ਹੁੰਦੇ ਹੋਏ ਵੀ ਆਪ ਸਦ ਸਦੀਵ ਅਨਿੰਨ ਗੁਰੱਸਿਖਾਂ ਦੇ ਹਿਰਦੇ ਅੰਦਰ ਬ੍ਰਾਜਮਾਨ ਹਨ। ਸ਼ਰਧਾਵਾਨ ਅਭਿਲਾਸ਼ੀਆਂ ਨੂੰ ਦਰਸ਼ਨ ਉਸੇ ਸਰੂਪ ਵਿਖੇ ਆਣਿ ਦੇਵੰਦੇ ਹਨ ਜਿਸ ਸਰੂਪ ਵਿਖੇ ਉਹ ਆਪਣੀ ਦਿਬ ਦੇਹੀ ਦੇ ਹੁੰਦਿਆਂ ਦਿੰਦੇ ਹਨ।

**ਗੁਰੂ ਨਾਨਕ ਹੀ ਗੁਰੂ ਪੂਰਾ ਹੈ, ਗੁਰੂ ਨਾਨਕ ਹੀ ਗੁਰੂ ਸੂਰਾ ਹੈ, ਸੱਚਾ ਗੁਰੂ ਹੈ ਹੀ ਗੁਰੂ ਨਾਨਕ ਸੱਚਾ ਸੰਤ ਸਰੂਪ, ਗੁਰੂ ਸਰੂਪ ਸੰਤ ਹੈ ਹੀ ਗੁਰੂ ਨਾਨਕ ਸੱਚਾ ਪਾਤਸ਼ਾਹ। ਹੋਰ ਕੋਈ ਭੀ ਸੰਤ ਗੁਰੂ, ਗੁਰੂ ਨਾਨਕ ਬਾਝੋਂ ਹੈ ਹੀ ਨਹੀਂ। ਨਾ ਕਦੇ ਹੋਇਆ ਨਾ ਕਦੇ ਹੋਵੇਗਾ।** ਮੁਢ ਕਦੀਮ ਤੋਂ ਸਦ ਸਦੀਵ ਲਈ ਅਜ਼ਲੀ. ਅਬਦੀ ਗੁਰੂ ਸੱਚਾ ਸਤਿਗੁਰੂ ਗੁਰੂ ਸਰੂਪ ਸੰਤ ਗੁਰੂ ਹੈ ਤਾਂ ਗੁਰੂ ਨਾਨਕ ਹੀ ਹੈ। ਏਸੇ ਗੁਰੂ ਨਾਨਕ ਦੇ ਦਸ ਗੁਰੂ ਜਾਮੇ ਓਤਿ ਪੋਤਿ ਇਕੋ ਸਰੂਪ ਮਈ ਸਚੇ ਸੰਤ ਹਨ। ਗੁਰੂ ਨਾਨਕ ਤੋਂ ਪਹਿਲਾਂ ਨਾ ਕੋਈ ਸੱਚਾ ਸੰਤ ਹੋਇਆ ਹੈ ਨਾ ਪਿਛੋਂ ਹੋਵੇਗਾ। ਜੇਕਰ ਹੋਂਦਾ ਤਾਂ ਭਾਈ ਸਾਹਿਬ ਗੁਰਦਾਸ ਜੀ ਇਉਂ ਕਿਉਂ ਉਚਾਰਨ ਕਰਦੇ ਕਿ :–

## ਥੰਮੇ ਕੋਇ ਨ ਸਾਧ ਬਿਨ
## ਸਾਧ ਨ ਦਿੱਸੈ ਜਗ ਵਿਚ ਕੋਆ ॥

ਗੁਰੂ ਨਾਨਕ ਸਾਹਿਬ ਹੀ ਸਚੇ ਸਾਧ ਪ੍ਰਗਟ ਹੋਏ ਤੇ ਜੁਗੋ ਜੁਗ ਹੁੰਦੇ ਰਹਿਣਗੇ। ਜਿਸ ਪ੍ਰਕਾਰ ਦੁਨਿਆਵੀ ਮੰਡਲਾਂ ਵਿਖੇ ਬਲਕਿ ਸਾਰੇ ਖੰਡਾਂ ਬ੍ਰਹਮੰਡਾਂ ਵਿਖੇ ਸਚੇ ਸਾਧ ਸਰੂਪ ਗੁਰੂ ਨਾਨਕ ਦੇਵ ਸਾਹਿਬ ਜੀ ਗੁਰੂ ਰੂਪ ਪ੍ਰਗਟ ਹੁੰਦੇ ਰਹੇ ਅਤੇ ਅਨੇਕਾਂ ਜੀਵਾਂ ਨੂੰ ਤਾਰਿਆ ਤੇ ਤਾਰਦੇ ਰਹੇ। ਸਚਾ ਨਿਸਤਾਰਾ ਕਲਿਆਣ ਮਈ ਸਚਾ ਉਧਾਰਾ ਸਾਰੇ ਬ੍ਰਹਮੰਡਾਂ ਦੇ



www.AKJ.Org

ਪ੍ਰਾਨੀਆਂ ਦਾ ਕੇਵਲ **ਗੁਰੂ ਨਾਨਕ ਸਾਹਿਬ ਦੇ ਰਾਹੀਂ ਹੀ ਹੋਣਾ ਹੈ** ਅਤੇ ਹੁੰਦਾ ਰਹਿਆ ਹੈ। ਅਜ ਕਲ ਤਾਂ **ਹਰੇਕ ਡਿੰਭੀ ਡਿੰਭਧਾਰੀ ਦੇਹਧਾਰੀ ਸੰਤ ਗੁਰੂ ਬਣਿ ਬਣਿ ਬਹਿੰਦਾ ਹੈ।**

ਭਾਈ ਗੁਰਦਾਸ ਜੀ ਦੀ ਉਪਰਲੀ ਮਹਾਂ ਵਾਕ ਪੰਕਤੀ ਤੋਂ ਇਹ ਸਿਧ ਹੋਇਆ ਕਿ ਸਾਰੇ ਜਗਤ ਨੂੰ ਥੰਮਣਹਾਰ ਸੱਚਾ ਪ੍ਰਮਾਰਥ ਬਖਸ਼ ਕੇ ਨਿਸਤਾਰਣ ਹਾਰ ਸਚੇ ਗੁਰਮਤ ਮਾਰਗ ਨੂੰ ਦਰਸਾ ਕੇ ਸੱਚਾ ਨਿਸਤਾਰਾ ਕਰਣਹਾਰ ਹੋਇਆ ਤਾਂ ਗੁਰੂ ਨਾਨਕ ਰੂਪ ਹੀ ਸੱਚਾ ਗੁਰੂ ਸਾਧ ਪ੍ਰਗਟ ਹੋਇਆ। **ਜੱਗਤ ਗੁਰੂ ਨਾਨਕ ਮਈ ਸਚੇ ਗੁਰੂ ਸਾਧ ਬਿਹੂਣ ਜਗਤ ਨੂੰ ਥਮਣ-ਹਾਰਾ, ਥੰਮ ਕੇ ਅੰਗਮੀ ਗੁਰਮਤਿ ਮਾਰਗ ਦਸਣਹਾਰਾ ਆਦਿ ਅੰਤਿ ਨਾ ਕੋਈ ਹੋਇਆ ਨਾ ਹੋਵੇਗਾ।** ਸਾਰਿਆਂ ਜੁਗਾਂ ਵਿਖੇ ਹੀ ਧੁਰਿ ਧੁਰੰਦਰੀ ਸਾਰੇ ਜਗਤ ਨੂੰ ਨਿਸਤਾਰਨਹਾਰਾ ਸਚਾ ਸਤਿ ਗੁਰੂ ਰੂਪੀ ਸਾਧ ਹੋਇਆ ਤਾਂ ਗੁਰੂ ਨਾਨਕ ਸਚਾ ਪਾਤਸ਼ਾਹ ਹੀ ਹੋਇਆ। ਸਾਰੇ ਜਗਤ ਨੂੰ ਕੀ ਇਸ ਮਾਤ ਲੋਕ ਮਈ ਜਗਤ ਨੂੰ ਕੀ ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਨੂੰ ਨਿਸਤਾਰ ਨਹਾਰਾ ਹੋਇਆ ਤਾਂ ਸਚਾ ਗੁਰੂ ਸਾਧ ਗੁਰੂ ਨਾਨਕ ਪਿਆਰਾ ਹੀ ਹੋਇਆ। ਏਸੇ ਗੁਰੂ ਨਾਨਕ ਰੂਪੀ ਸਾਧ ਨੇ ਦਸ ਗੁਰੂ ਜਾਮੇ ਧਾਰ ਕੇ ਸੱਚਾ ਗੁਰਮਤਿ ਮਾਰਗੀ ਗੁਰੂ ਸਾਧਪੁਣਾ ਪ੍ਰਗਟਾਇਆ। ਦਸਵੇਂ ਗੁਰੂ ਜਾਮੇ ਵਿਚ ਗੁਰੂ ਨਾਨਕ ਸਾਹਿਬ ਤ੍ਰਿਕਾਲ ਦਰਸੀ ਸਤਿਗੁਰੂ ਨੇ ਇਹ ਵਿਚਾਰ ਕੇ ਕਿ ਗੁਰੂ ਨਾਨਕ ਰੂਪੀ ਸਚੇ ਸਾਧ ਸਤਿਗੁਰੂ ਬਿਨਾਂ ਇਸ ਜਗਤ ਨੂੰ ਨਿਸਤਾ-ਰਨਹਾਰਾ ਥੰਮਣਹਾਰਾ ਹੋਰ ਕੋਈ ਨਹੀਂ ਹੋ ਸਕਦਾ, ਬਲਕਿ ਅਗਾਹਾਂ ਨੂੰ ਆਉਣ ਵਾਲੇ ਕਲੀਕਾਲ ਵਿਖੇ :–

**ਘਰਿ ਘਰਿ ਹੋਇ ਬਹੈਂਗੇ ਰਾਮਾ**
**ਤਿਨ ਤੇ ਸਰੇ ਨ ਕੋਊ ਕਾਮਾ ॥**

ਮਹਾਂਵਾਕ ਅਨੁਸਾਰ ਕੱਚੇ ਪਿਚੇ ਡਿੰਭੀ ਗੁਰੂ, ਗੁਰੂ ਘਰ ਵਿਖੇ ਖੁੰਬਾ ਵਾਂਗੂ ਉਗਵ ਖਲੋਣਗੇ। ਪਰੰਤੂ ਜਗਤ ਨਿਸਤਾਰੇ ਦਾ ਉਨ੍ਹਾਂ ਤੋਂ ਕੋਈ ਕੰਮ ਨਹੀਂ ਸਰੇਗਾ। ਜਗਤ ਨਿਸਤਾਰਾ ਤਾਂ ਕੀ ਕਰਨਾ ਸੀ ਉਹ ਆਪਣੇ ਆਪ ਦਾ ਉਧਾਰ ਨਿਸਤਾਰਾ ਨਹੀਂ ਕਰ ਸਕਣਗੇ। ਇਸ ਕਰਕੇ ਆਪਣੀ ਪਰਮ ਅੰਤਰਜਾਮਤਾ ਮਈ ਗੁਰ ਸਮਰੱਥਤਾ ਵਾਲੀ ਸ਼ਕਤੀ ਦੁਆਰਾ ਸੱਚੇ ਗੁਰੂ ਸਾਧ ਵਾਲੀ ਸੱਚੀ ਨਿਸਤਾਰਕ ਪੀੜੀ ਏਥੇ ਹੀ ਮੁਕਾ ਦਿਤੀ। ਅਤੇ ਇਹ ਅਲੌਕਿਕ ਕਲਾ ਵਰਤਾ ਦਿਤੀ ਕਿ ਗੁਰੂ ਨਾਨਕ ਰੂਪੀ ਦਸੇ ਗੁਰੂ ਸਾਧ ਜਾਮਿਆਂ ਪਿਛੋਂ ਹੋਰ ਕੋਈ ਵੀ ਜਗਤ ਨਿਸਤਾਰਕ ਗੁਰੂ ਸਾਧ ਨਹੀਂ ਉਪਜੇਗਾ, ਗੁਰੂ ਘਰ ਵਿਖੇ ਗੁਰੂ ਨਾਨਕ ਦੇ ਤਾਰੇ ਨਿਸਤਾਰੇ ਹੋਏ ਗੁਰਮੁਖ ਗੁਰਸਿਖਾਂ ਦੇ ਪੰਜਾਂ ਦੇ ਪੁੰਜ ਤਾਂ ਹੋਣਗੇ ਪਰ ਉਨ੍ਹਾਂ ਵਿਚੋਂ ਕੋਈ ਵੀ ਇਕ ਸਿੱਖ ਗੁਰੂ ਨਿਸਤਾਰਿਆ ਸਿਖ ਗੁਰੂ ਨਹੀਂ ਸਦਾ ਸਕੇਗਾ, ਨਾ ਹੀ ਗੁਰੂ ਰੂਪ ਸਾਧ ਕਹਾ ਸਕਗਾ ਬਲਕਿ ਏਸ ਮਹਾਂਵਾਕ ਅਨੁਸਾਰ, ਇਕ ਸਿਖ ਦੋਇ ਸਾਧਸੰਗ ਪੰਜੀਂ ਪਰਮੇਸ਼ਰ'' ਗੁਰੂ



www.AKJ.Org

ਨਾਨਕ ਦਾ ਨਿਸਤਾਰਿਆ ਹੋਇਆ ਸਿੱਖ ਸਿੱਖ ਹੀ ਰਹੇਗਾ, ਇਕ ਸਿੱਖ ਗੁਰੂ ਸਰੂਪ ਸਾਧ ਕਦੇ ਨਹੀਂ ਬਣ ਸਕੇਗਾ। ਅਜੇਹੇ ਗੁਰ ਨਿਸਤਾਰੇ ਹੋਏ ਪੰਜਾਂ ਸਿਖਾਂ ਦੇ ਪੁੰਜ ਸਮੂੰਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰਤੱਤਾ ਵਾਲੀ ਸੱਚੀ ਕਲਾ ਵਰਤੇਗੀ ਤੇ ਸੀਨਾ ਬਸੀਨਾ ਵਰਤਦੀ ਰਹੇਗੀ। ਇਹ ਧੁਰ ਧੁਰੰਦਰੀ ਸੱਚਾ ਸੁਮਾਰਗੀ ਗੁਰਮਤਿ ਮਾਰਗ ਚਲਾ ਕੇ ਸੱਚਾ ਧੁਰਵਾ ਬਨ੍ਹ ਦਿਤਾ। ਏਸ ਬੱਝੇ ਹੋਏ ਧੁਰਵੇ ਤੋਂ ਅਗਿਆਤ ਅਨਮਤੀ ਅਗਿਆਨੀ ਭੇਖਧਾਰੀ ਆਪੇ ਬਣ ਬੈਠੇ ਸਾਧਾਂ ਨੇ ਤਾਂ ਕੀ ਸਬਕ ਲੈਣਾ ਸੀ, ਬਲਕਿ ਗੁਰੂ ਘਰ ਵਿਖੇ ਹੀ ਅਨੇਕਾਂ ਡਿੰਭਧਾਰੀ ਗੁਰੂ, ਗੁਰ ਨਾਨਕ ਸਦਰਸ ਸਾਧ ਗੁਰੂ ਹੋਣ ਦੀ ਹਮਾਕਤ ਕਰ ਬੈਠੇ ਤੇ ਕਰੀ ਜਾਂਦੇ ਹਨ। ਹਾਲਾਂਕਿ ਗੁਰੂ ਨਾਨਕ ਦਸ ਜਾਮੇਸ਼ ਸਤਿਗੁਰੂ ਬਾਝੋਂ ਹੋਰ ਕਿਸੇ ਨੂੰ ਭੀ ਇਹ ਸੱਚੀ ਗੁਰਤੱਤਾ ਵਾਲੀ ਪਦਵੀ ਪ੍ਰਾਪਤ ਨਹੀਂ। ਹੋਰਨਾ ਜੁਗਾਂ ਵਿਖੇ ਤਾਂ ਟਾਂਵੀਂ ਟਾਂਵੀ ਗੁਰਤੱਤਾ ਵਾਲੀ ਪਦਵੀ ਸ਼ਕਤੀ ਗੁਰੂ ਨਾਨਕ ਸਾਹਿਬ ਵਰਤਦੇ ਰਹੇ, ਪਰੰਤੂ ਕਲਜੁਗ ਵਿਖੇ ਤਾਂ ਪ੍ਰਗਟ ਪਹਾਰੇ ਇਹ ਸ਼ਕਤੀ ਗੁਰੂ ਨਾਨਕ ਸਾਹਿਬ ਨੇ ਵਰਤਾਈ. ਜੈਸੇ ਕਿ ਭਾਈ ਗੁਰਦਾਸ ਜੀ ਦਾ ਮਹਾਂਵਾਕ ਹੈ:—

"ਗੁਰਮੁਖਿ ਕਲਿ ਵਿੱਚ ਪਰਗਟ ਹੋਆ"

ਭਾਵ ਮੁਖੀ ਗੁਰੁ ਸਭ ਤੋਂ ਸ੍ਰੇਸ਼ਟ ਗੁਰੂ ਸਚਾ ਸਤਿਗੁਰੂ ਸੱਚੀ ਥੰਮਣਹਾਰ ਨਿਸਤਾਰਨ ਹਾਰ ਸ਼ਕਤੀ ਵਾਲਾ ਸਾਧ ਗੁਰੂ ਗੁਰ ਨਾਨਕ ਸਾਹਿਬ ਪ੍ਰਗਟ ਪਹਾਰੇ ਸਾਰੇ ਜਗਤ ਦੇ ਜੀਵਾਂ ਦਾ ਨਿਸਤਾਰਨ ਹਾਰਾ ਉਤਪੰਨ ਹੋਇਆ। ਗੁਰੂ ਨਾਨਕ ਰੂਪੀ ਸਚੇ ਸਾਧ ਗੁਰ ਸਦਰਸ ਹੋਰ ਕੋਈ ਗੁਰੂ ਨਹੀਂ ਹੋ ਸਕਦਾ। ਗੁਰੂ ਨਾਨਕ ਸਚਾ ਪਾਤਸ਼ਾਹ ਸਚ ਮੁੱਚ ਮੁਖੀ ਗੁਰੂ ਵਹਿਗੁਰੂ ਸਮਾਨ ਹੀ ਵਾਹਿਗੁਰੂ ਸਰੂਪਾ ਗੁਰੂ ਹੈ। ਜਿਤਨੇ ਵੀ ਅਨਮਤੀ ਸਾਧ ਤੇ ਆਪ ਆਪਣੀ ਮਤ ਅਨੁਸਾਰ ਗੁਰੂ ਬਣ ਬੈਠੇ ਹਨ ਸਭ ਡਿੰਭੀ ਅਤੇ ਭੇਖਧਾਰੀ ਗੁਰੂ ਹਨ। ਵਿਚੋਂ ਕੋਈ ਭੀ ਸੱਚਾ ਗੁਰੂ ਨਹੀਂ ਕਹਾ ਸਕਦਾ। ਗੁਰੂ ਨਾਨਕ ਸਾਹਿਬ ਨੇ ਆਪਣੇ ਦਸਵੇਂ ਗੁਰੂ ਜਾਮੇ ਅੰਦਰਿ ਜੋ ਇਸ ਬਿਧਿ ਸਵੈਯਾ ਉਚਾਰਨ ਕੀਤਾ ਹੈ—

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ
ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁੱਧ ਸੁਧਾਦਿਕ
ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ
ਕੋਊ ਨ ਦੇਖੀਅਤ ਪ੍ਰਾਨ ਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ ਏਕ ਰੱਤੀ ਕੇ ॥

ਏਸ ਦਾ ਭਾਵ ਹੀ ਸਮੁੱਚੇ ਤੌਰ ਤੇ ਆਪੇ ਆਪਣੇ ਮਨ ਦੇ ਮਤੇ ਅਨੁਸਾਰ ਆਪੋਂ ਬਣ ਬੈਠੇ ਡਿੰਭੀ ਗੁਰੂਆਂ ਦੇ ਪਖੰਡ ਦਾ ਖੰਡਣ ਕਰਦਾ ਹੈ, ਭਾਵ ਇਸ ਸਵੈਯੇ ਦਾ ਇਹ ਹੈ ਕਿ ਗੁਰੂ ਸਾਹਿਬ ਨੇ ਆਪਣੀ ਤ੍ਰਿਕਾਲ ਦਰਸਤਾ ਸੰਪੰਨ ਅੰਤਰ ਜਾਮਤਾ ਦੁਆਰਾ ਅੱਛੀ ਤਰ੍ਹਾਂ ਘੋਖ ਕੇ ਦੇਖ ਲਿਆ ਕਿ ਇਹ ਜੋ ਸ੍ਰੇਵੜੇ ਸ੍ਰਾਵਗੀ ਜੈਨ ਮਤ ਵਾਲੇ ਕੇਵਲ ਆਪਣੀ ਸ਼ੁੱਧ ਪਵਿਤ੍ਰਤਾ ਵਾਲੀ ਕ੍ਰਿਆ ਕਰਕੇ ਆਪਣੇ ਆਪ ਨੂੰ ਸਾਧ ਕਹਾਉਂਦੇ ਹਨ। ਅਤੇ ਸਾਰੇ ਅਨਮਤੀ ਭੇਖਧਾਰੀ ਸਿੱਧ ਜੋਗੀ ਜਤੀ ਜਟਾ ਧਾਰੀ ਅਤੇ ਸੂਰਮੇ ਕਹਾਉਣ ਵਾਲੇ ਸੁਰ, ਨਰ, ਮੁਨ ਜਨ ਅਨੇਕਾਂ ਅਨਮਤੀ ਸੰਤਾਂ ਦੇ ਸਾਰੇ ਫਿਰਕੇ ਆਪਣੇ ਆਪ ਨੂੰ ਸੰਤ ਬਣਾਈ ਫਿਰਦੇ ਹਨ। ਗੱਲ ਕੀ ਸਾਰੇ ਹੀ ਕਾਇਨਾਤ ਦੇਸ਼ ਦੇ ਅਨਮਤੀ ਮਤ ਮਤਾਂਤਰਾਂ ਵਾਲੇ ਖੁਦ ਸਾਖਤਾ, (ਆਪੋਂ ਬਣ ਬੈਠੇ) ਸਾਧ ਸੰਤ ਕਹਾਉਂਦੇ ਹਨ। ਏਨ੍ਹਾਂ



www.AKJ.Org

ਵਿਚੋਂ ਕਿਸੇ ਨੇ ਵੀ ਆਪਣੀ ਪਖੰਡ ਕ੍ਰਿਆ ਦੁਆਰਾ ਵਾਹਿਗੁਰੂ ਪ੍ਰਾਣ ਪਤੀ ਦੇ ਦਰਸ਼ਨ ਨਹੀਂ ਦੇਖੇ। ਇਹ ਵਾਹਿਗੁਰੂ ਪ੍ਰਾਨ ਪਤੀ ਦਾ ਦਰਸ਼ਨ ਤਾਂ ਕੇਵਲ ਉਹੀ ਵਾਹਿਗੁਰੂ ਵਰੋਸਾਏ ਧੁਰੋਂ ਵਾਹਿਗੁਰੂ ਦੀ ਦਰਗਾਹੋਂ ਪਠਾਏ ਹੋਏ ਗੁਰ ਨਾਨਕ ਸਾਰਖੇ ਸਾਧ ਗੁਰੂ ਹੀ ਪ੍ਰਤੱਖ ਦੇਖ ਸਕਦੇ ਹਨ, ਜਿਨ੍ਹਾਂ ਦੇ ਉਪਰ ਸ੍ਰੀ ਭਗਵਾਨ ਵਾਹਿਗੁਰੂ ਦੀ ਖਾਸ ਕ੍ਰਿਪਾ ਨਾਜ਼ਲ ਹੁੰਦੀ ਹੈ। ਏਸ ਖਾਸ ਮਖਸੂਸੀ ਕ੍ਰਿਪਾ ਬਿਹੂਣ ਅਤੇ ਵਾਹਿਗੁਰੂ ਦੀ ਇਕੋ ਸੱਚੀ ਪ੍ਰੀਤੀ ਬਿਨਾਂ (ਸੱਚ ਪ੍ਰੇਮ ਬਿਨਾਂ) ਉਪਰ ਦਸੇ ਹੋਏ ਅਨੇਕਾਂ ਮਤ ਮਤਾਂਤਰੀ ਡਿੰਭੀ ਸਾਧੂ ਇਕ ਕੌਡੀ ਦੇ ਕੰਮ ਦੇ ਵੀ ਨਹੀਂ। ਸਾਡੇ ਹੀ ਗੁਰੂ ਘਰਿ ਵਿਖੇ ਅਨੇਕਾਂ ਅਜੇਹੇ ਡਿੰਭੀ ਤੇ ਪਖੰਡੀ ਸਾਧੜੇ ਬਣੇ ਬੈਠੇ ਹਨ ਜੋ ਆਪਣੀ ਮਨੋਰਥ ਸਿੱਧੀ ਲਈ ਅਨੇਕਾਂ ਜਗਿਆਸੂਆ ਨੂੰ ਕੂੜ ਦੇ ਥਾਪੜੇ ਦੇ ਦੇ ਕੇ ਆਪਣੇ ਆਪ ਨੂੰ ਗੁਰੂ ਸਾਧ ਕਹਾਉਂਦੇ ਹਨ। ਇਸ ਬਿਧਿ ਗੁਰੂ ਨਾਨਕ ਰੂਪੀ ਅਜਲੋਂ ਅਮਰੋਂ ਪਠਾਏ ਸੱਚੇ ਸਾਧ ਗੁਰੂ ਦੀ ਰੀਸ ਕਰਕੇ ਆਪਣਾ ਲੋਕ ਪ੍ਰਲੋਕ ਵਿਗਾੜ ਬੈਠਦੇ ਹਨ। ਗੁਰੂ ਨਾਨਕ ਬਾਝੋਂ ਨਾ ਕੋਈ ਸੱਚਾ ਗੁਰੂ ਸਰੂਪ ਸਾਧ ਹੋਇਆ ਤੇ ਨਾ ਹੋਵੇਗਾ। ਇਹ ਗੱਲ ਗੁਰ ਸਿੱਖਾਂ ਨੂੰ ਦ੍ਰਿੜ ਕਰਕੇ ਧਾਰਨ ਕਰ ਲੈਣੀ ਪ੍ਰਮ ਗੁਰਮਤ ਹੈ।

—o—

੨੫ ਸਫੇ ਦੀ ਬਾਕੀ

ਵਧਦੀ ਹੈ। ਦੂਜੇ ਦਾ ਹਕ ਮਾਰਨ ਵਾਲਿਆਂ ਯਾ ਦੂਜਿਆਂ ਨਾਲ ਬੇਇਨਸਾਫੀ ਕਰਨ ਵਾਲਿਆਂ ਦੀ ਇਹ ਦਸ਼ਾ ਹੁੰਦੀ ਹੈ ਕੇ ਗੁਰੂ ਯਾ ਪੀਰ ਉਸ ਦੀ ਸਫਾਰਸ਼ ਨਹੀਂ ਕਰਦੇ।

"ਹਕੁ ਪਰਾਇਆ ਨਾਨਕਾ ਉਸ
ਸੂਅਰ ਉਸੁ ਗਾਇ ॥
ਗੁਰੁ ਪੀਰ ਹਾਮਾ ਤਾ ਭਰੇ
ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ
ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ
ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥
(ਪੰਨਾ ੧੪੧ ਗੁਰੂ ਗਰੰਥ ਸਾਹਿਬ)

ਮਾਇਆ ਕਮਾਨ ਵਾਲਿਆਂ ਨੂੰ ਇਹ ਗਲ ਵੀ ਯਾਦ ਰਖਨੀ ਚਾਹੀਦੀ ਹੈ ਕੇ ਜੇ ਕਦੇ ਪ੍ਰਭੂ ਕ੍ਰਿਪਾ ਨਾਲ ਉਨ੍ਹਾਂ ਪਾਸ ਇਤਨਾ ਧਨ ਆ ਜਾਵੇ ਕੇ ਇਟਾਂ ਯਾ ਪਥਰਾਂ ਦੀ ਜਗਾ ਅਸੀ ਹੀਰਿਆਂ ਮੋਤੀਆਂ ਤੇ ਰਤਨਾ ਨਾਲ ਜੜਤ ਮਹੱਲ ਤਿਆਰ ਕਰਾ ਲਈਏ ਅਤੇ ਉਹ ਮਹਲ ਕੇਸਰ ਅਤੇ ਚੰਦਨ ਨਾਲ ਲਿਪੇ ਹੋਣ ਤਾਂ ਐਸੀ ਹਾਲਤ ਵਿਚ ਵੀ ਸਾਨੂੰ ਵਾਹਿਗੁਰੂ ਦਾ ਨਾਮ ਨਾ ਵਿਸਰੇ। ਜੇ ਨਾਮ ਵਿਸਰ ਗਿਆ ਤਾਂ ਇਤਨੀ ਮਾਇਆ ਦੇ ਹੁੰਦਿਆ ਵੀ ਅਸੀਂ ਤ੍ਰਿਸ਼ਨਾਂ ਦੀ ਅਗ ਵਿਚ ਸੜਦੇ ਬਲਦੇ ਰਹਾਂ ਗੇ। ਹੁਕਮ ਹੈ

"ਮੋਤੀ ਤ ਮੰਦਰ ਊਸਰਹਿ
ਰਤਨੀ ਤ ਹੋਹਿ ਜੜਾਉ ॥
ਕਸਤੂਰੀ ਕੁੰਗੂ ਅਗਰਿ ਚੰਦਨਿ
ਲੀਪਿਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ
ਚਿਤਿ ਨ ਆਵੈ ਨਾਉ ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈਂ ਆਪਣਾ ਗੁਰੁ ਪੂਛਿ ਦੇਖਿਆ ਅਵਰੁ
ਨਾਹੀ ਥਾਉ ॥"
(ਪੰਨਾ ੧੪ ਗੁਰੂ ਗ੍ਰੰਥ ਸਾਹਿਬ)

ਇਸ ਤਰਾਂ ਸਾਨੂੰ ਇਸ ਦੁਨੀਆਂ ਵਿਚ ਸੁਖਾਂ ਦੀ ਪ੍ਰਾਪਤੀ ਹੋਵੇਗੀ ਅਤੇ ਸਾਡਾ ਪਰਲੋਕ ਵੀ ਸਵਰ ਜਾਇਗਾ।



www.AKJ.Org

# "ਕਲ ਤਾਰਨ ਗੁਰ ਨਾਨਕ ਆਇਆ"

(ਭਾਈ ਤਰਲੋਕ ਸਿੰਘ ਮਾਡਲ ਟਾਊਨ ਦਿਲੀ)

ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਹੋਣ ਸਮੇਂ ਪੰਜਾਬ ਹੀ ਨਹੀਂ. ਸਾਡਾ ਭਾਰਤ ਵਰਸ਼ ਹੀ ਨਹੀਂ, ਬਲਕੇ ਸਾਰਾ ਸੰਸਾਰ ਇਕ ਤਰਸ ਯੋਗ ਹਾਲਤ ਵਿਚੋਂ ਲੰਘ ਰਿਹਾ ਸੀ । ਲੋਕਾਂ ਵਿਚੋਂ ਇਕ ਦੂਜੇ ਲਈ ਹਮਦਰਦੀ ਉਡ ਗਈ ਸੀ । ਦੁਨੀਆਂ ਨੂੰ ਸਿਧੇ ਰਸਤੇ ਪਾਨ ਵਾਲੇ ਸਚੇ ਸੰਤ ਅਤੇ ਫਕੀਰ ਅਲੋਪ ਹੋ ਚੁਕੇ ਸਨ । ਸਾਕਾਂ ਸੰਬਧੀਆਂ ਦਾ ਆਪਸ ਵਿਚ ਦਾ ਪ੍ਰੇਮ ਅਤੇ ਪਿਆਰ ਖਤਮ ਹੋਗਿਆ ਸੀ । ਲੋਕੀ ਇਕ ਦੂਜੇ ਨੂੰ ਖਾ ਰਹੇ ਸਨ ਤ੍ਰਿਸ਼ਨਾ ਅਤੇ ਦਵੈਸ਼ ਦੀ ਅਗ ਵਿਚ ਸੜ ਰਹੇ ਸਨ । ਇਸ ਸਾਰੀ ਦਸ਼ਾ ਦਾ ਨਕਸ਼ਾ ਖੁਦ ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਵਿਚ ਇਸ ਤਰਾਂ ਪੇਸ਼ ਕੀਤਾ ਹੈ:—

"ਨਾਨਕ ਦੁਨੀਆ ਕੈਸੀ ਹੋਈ ॥
ਸਾਲਕੁ ਮਿਤੁ ਨ ਰਹਿਓ ਕੋਈ ॥
ਭਾਈ ਬੰਧੀ ਹੇਤੁ ਚੁਕਾਇਆ ॥
ਦੁਨੀਆ ਕਾਰਣਿ ਦੀਨੁ ਗਵਾਇਆ ।੫।
ਹੈ ਹੈ ਕਰਿ ਕੈ ਓਹਿ ਕਰੇਨਿ ॥
ਗਲ੍ਹਾ ਪਿਟੰਨਿ ਸਿਰੁ ਖੋਹੇਨਿ ॥
ਨਾਉ ਲੈਨਿ ਅਰੁ ਕਰਨਿ ਸਮਾਇ ॥
ਨਾਨਕ ਤਿਨ ਬਲਿਹਾਰੈ ਜਾਇ ।।

(ਪੰਨਾ ੧੪੧੦ ਗੁਰੂ ਗ੍ਰੰਥ ਸਾਹਿਬ)

ਇਨਾ ਵਾਕਾਂ ਦੀ ਪੁਸ਼ਟੀ ਭਾਈ ਗੁਰਦਾਸ ਸਾਹਿਬ ਦੀ ਬਾਣੀ ਰਾਂਹੀ ਵੀ ਹੁੰਦੀ ਹੈ । ਆਪ ਫੁਰਮਾਂਦੇ ਹਨ ਕੇ ਜਦ ਬਾਬਾ ਜੀ ਨੇ ਦੁਨੀਆਂ ਦੇ ਲੋਕਾਂ ਵਲ ਨਜ਼ਰ ਮਾਰੀ ਤਾਂ ਆਪ ਨੂੰ ਸੰਸਾਰਕ ਜੀਆ ਜੰਤ ਰੋਂਦੇ ਅਤੇ ਕੁਰਲਾਂਦੇ ਦਿਸੇ । ਜੰਤਾ ਦੇ ਦੁਖਾਂ ਨੂੰ ਦੂਰ ਕਰਨ ਲਈ ਬਾਬਾ ਜੀ ਨੇ ਆਪਨੇ ਗ੍ਰਸਤ ਦੇ ਕੰਮ ਧੰਧਿਆਂ ਨੂੰ ਤਲਾਂਜਲੀ ਦੇ ਕੇ ਉਦਾਸੀ ਬਾਣਾ ਧਾਰਨ ਕੀਤਾ ਅਤੇ ਦੁਨੀਆਂ ਨੂੰ ਸਿਧਾ ਰਸਤਾ ਦਸਨ ਲਈ ਦੇਸ਼ ਦੇਸ਼ਾਤਰਾਂ ਦਾ ਰਟਨ ਕੀਤਾ । ਭਾਈ ਗੁਰਦਾਸ ਜੀ ਕਥਨ ਕਰਦੇ ਹਨ:—

"ਪਹਿਲਾਂ ਬਾਬੇ ਪਾਯਾ ਬਖਸ਼ਦਰ,
ਪਿੱਛੋਂ ਦੇ ਫਿਰ ਘਾਲ ਕਮਾਈ ।
ਰੇਤ ਅੱਕ ਅਹਾਰ ਕਰ,
ਰੋੜਾਂ ਕੀ ਗੁਰ ਕਰੀ ਵਛਾਈ ॥
ਭਾਰੀ ਕਰੀ ਤਪਸਿਆ,
ਬਡੇ ਭਾਗ ਹਰਿ ਸਯੋਂ ਬਣਿ ਆਈ ।
ਬਾਬਾ ਪੈਧਾ ਸੱਚ ਖੰਡ,
ਨਉਨਿਧਿ ਨਾਮ ਗਰੀਬੀ ਪਾਈ ।
ਬਾਬਾ ਦੇਖੈ ਧਯਾਨ ਧਰਿ,
ਜਲਤੀ ਸਬ ਪ੍ਰਿਥਮੀ ਦਿੱਸ ਆਈ ।
ਬਾਝਹੁ ਗੁਰੂ ਗੁਬਾਰ ਹੈ,
ਹੈ ਹੈ ਕਰਦੀ ਸੁਣੀ ਲੁਕਾਈ ।
ਬਾਬੇ ਭੇਖ ਬਣਾਇਆ,
ਉੱਦਾਸੀ ਕੀ ਰੀਤ ਚਲਾਈ ।



www.AKJ.Org

ਚੜ੍ਹਿਆ ਸੋਧਣ ਧਰਤ ਲੁਕਾਈ ।
(ਵਾਰ ਪਹਿਲੀ)

ਉਦਾਸੀ ਧਾਰਨ ਕਰਕੇ ਬਾਬਾ ਜੀ ਨਉਂ ਖੰਡ ਪ੍ਰਿਥਮੀ ਵਿਚ ਫਿਰੇ। ਇਨਾ ਸਫਰਾਂ ਵਿਚ ਆਪ ਜੀ ਦੀ ਮੁਲਾਕਾਤ ਇਬਰਾਹੀਮ ਲੋਧੀ, ਮੁਗਲ ਬਾਦਸ਼ਾਹ ਬਾਬਰ ਤੇ ਰਾਜਾ ਸ਼ਿਵਨਾਭ ਜੈਸੇ ਬਾਦਸ਼ਾਹਾਂ ਨਾਲ ਹੋਈ। ਆਪ ਸੁਮੇਰ ਪਰਬਤ ਗੋਰਖ ਮਤੇ ਅਤੇ ਅੱਚਲ ਵਟਾਲੇ ਵਿਚ ਯੋਗੀਆਂ ਅਤੇ ਸਿਧਾਂ ਨੂੰ ਮਿਲੇ। ਵਡੇ ਵਡੇ ਤੀਰਥਾਂ ਉਤੇ ਜਾਕੇ ਆਪ ਉਥੇ ਦੇ ਪੁਜਾਰੀਆਂ ਮਹੰਤਾਂ, ਪੰਡਤਾਂ ਤੇ ਪਾਂਧਿਆਂ ਨੂੰ ਮਿਲੇ। ਧਨਾਢਿ ਪੁਰਸ਼ਾਂ ਵਿਚੋਂ ਦੁਨੀ ਚੰਦ ਧੁਪੜ ਲਾਹੌਰ ਨਿਵਾਸੀ ਅਤੇ ਸਾਲਸ ਰਾਇ ਜੋਹਰੀ ਸ੍ਰੀ ਪਟਨਾ ਨਿਵਾਸੀ ਆਪਦੇ ਦਰਸ਼ਨਾ ਨੂੰ ਆਏ। ਬਾਬਾ ਜੀ ਸਜਨਠਗ, ਕਉਡਾ ਰਾਖਸ਼, ਭੂਮੀਏ ਚੋਰ ਅਤੇ ਦੀਪਾਲਪੁਰ ਦੇ ਕੋੜੀ ਨੂੰ ਤਾਰਨ ਲਈ ਵੀ ਇਨਾਂ ਦੇ ਅਸਥਾਨਾ ਤੇ ਗਏ। ਆਪ ਦੀ ਚਰਚਾ ਕਾਜ਼ੀਆਂ ਤੇ ਮੁਲਾਂ ਨਾਲ ਵੀ ਹੋਈ। ਗਲ ਕੀ ਆਪ ਛੋਟੇ ਤੋਂ ਛੋਟੇ ਮਨੁਖ ਤੋਂ ਲੈਕੇ ਵਡੇ ਤੋਂ ਵਡੇ ਬਾਦਸ਼ਾਹਾਂ ਨੂੰ ਮਿਲੇ ਅਤੇ ਉਨਾ ਨੂੰ ਦਸਿਆ ਕੇ ਤੁਸੀ ਇਸ ਦੁਨੀਆਂ ਵਿਚ ਕਿਸ ਤ੍ਰੀਕੇ ਨਾਲ ਆਪਨਾ ਵਕਤ ਗੁਜ਼ਾਰਨਾ ਹੈ ਅਤੇ ਗ੍ਰਸਤ ਵਿਚ ਰਹਿਦੇ ਹੋਏ ਉਸ ਪ੍ਰਭੂ ਸਿਰਜਨ ਹਾਰ ਨੂੰ ਪ੍ਰਾਪਤ ਕਰਨਾ ਹੈ। ਜਦ ਸਿਧਾਂ ਨੇ ਆਪ ਨੂੰ ਕਿਹਾ ਕੇ ਮਹਾਰਾਜ ਗ੍ਰਸਤ ਵਿਚ ਰਹਿਕੇ ਪ੍ਰਭੂ ਨਾਲ ਜੁੜਨਾ ਅਤੀ ਕਠਨ ਹੈ ਕਿਉਂਕੇ ਗ੍ਰਸਤ ਅੰਦਰ ਬੜੇ ਬੰਧਨ ਹਨ। ਦੁਨੀਆਂ ਤੇ ਟਬਰ ਕਬੀਲੇ ਦਾ ਮੋਹ ਅਤੇ ਧਨ ਕਮਾਨ ਦੀ ਲਾਲਸਾ ਇਸ ਜੀਵ ਨੂੰ ਕੈਦ ਕਰੀ ਰਖਦੀ ਹੈ। ਪਾਪ ਰੂਪੀ ਪਥਰ ਇਸ ਨੂੰ ਸੰਸਾਰ ਸਮੁੰਦਰ ਪਾਰ ਨਹੀਂ ਕਰਨ ਦੇਂਦੇ। ਤਾਂ ਬਾਬਾ ਜੀ ਨੇ ਜਵਾਬ ਵਿਚ ਕਿਹਾ ਕੇ ਸੰਸਾਰ ਵਿਚ ਰਹਿਦੇ ਹੋਏ ਅਸੀ ਸੰਸਾਰ ਦੇ ਕਿਸੇ ਪਦਾਰਥ ਦੀ ਪਕੜ ਵਿਚ ਨਹੀਂ ਆਨਾ। ਅਸੀ ਮਾਇਆ ਵਿਚ ਇਸ ਤਰਾਂ ਨਿਰਲੇਪ ਰਹਿਨਾ ਹੈ ਜਿਵੇਂ ਪਾਣੀ ਵਿਚ ਕਮਲ ਫੁਲਾਂ। ਇਹ ਪਾਣੀ ਵਿਚੋਂ ਆਪਨੀ ਖੁਰਾਕ ਤਾਂ ਲੈ ਲੈਂਦਾ ਹੈ ਪਰ ਨਿਵਾਸ ਪਾਣੀ ਤੋਂ ਉਪਰ ਰਖਦਾ ਹੈ। ਇਸੇ ਤਰਾਂ ਮਨੁਖ ਨੂੰ ਆਪਨੇ ਜੀਵਨ ਨਿਰਭਾ ਲਈ ਮਾਇਆ ਕਮਾਨੀ ਚਾਹੀਦੀ ਹੈ ਅਤੇ ਆਪਨੀ ਲਿਵ ਤੇ ਸੁਰਤ ਪ੍ਰਭੂ ਚਰਨਾ ਨਾਲ ਜੋੜਨੀ ਚਾਹੀਦੀ ਹੈ। ਇਸ ਗਲ ਨੂੰ ਸਾਡੀ ਸਮਝ ਗੋਚਰਾ ਕਰਨ ਲਈ ਆਪ ਨੇ ਸਿਧ ਗੋਸਟ ਵਿਚ ਫਰਮਾਇਆ:—

"ਜੈਸੇ ਜਲ ਮਹਿ ਕਮਲੁ,
ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰ,
ਤਰੀਐ ਨਾਨਕ ਨਾਮੁ ਵਖਾਣੇ ॥
(ਪੰਨਾ ੯੩੮ ਗੁਰੂ ਗ੍ਰੰਥ ਸਾਹਿਬ)

ਬਾਬਾ ਜੀ ਨੇ ਸਿਧਾਂ ਨੂੰ ਇਹ ਵੀ ਦਸਿਆ ਕੇ ਘਰ ਬਾਰ ਛਡਨ ਨਾਲ ਇਹ ਦੋੜਦਾ ਮਨ ਕਾਬੂ ਨਹੀਂ ਆਂਦਾ ਕਿਉਂ ਕੇ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਇਸ ਨੂੰ ਸੰਸਾਰੀ ਲੋਕਾਂ ਅਗੇ ਹਥ ਅਡਨਾ ਪੈਂਦਾ ਹੈ ਅਤੇ ਜਦ ਵੀ ਕੋਈ ਮਨੁਖ ਕਿਸੇ ਦੂਜੇ ਪਾਸੋਂ ਕੋਈ ਵਸਤੂ ਮੰਗਦਾ ਹੈ ਤਾਂ ਉਸਦਾ ਮਾਨ ਤੇ ਇਜ਼ਤ ਮਿਟੀ ਵਿਚ ਮਿਲ ਜਾਂਦੇ ਹਨ। ਹਰ ਇਕ ਮੰਗਤੇ ਦੀ ਇਹ ਹਾਲਤ ਹੁੰਦੀ ਹੈ।

"ਲੋਕੁ ਧਿਕਾਰ ਕਹੈ ਮੰਗਤ ਜਨ,
ਮਾਗਤ ਮਾਨੁ ਨ ਪਾਇਆ।
ਸਹ ਕੀਆ ਗਲਾ ਦਰ ਕੀਆ ਬਾਤਾ,
ਤੈ ਤਾ ਕਹਣ ਕਹਾਇਆ।
(ਪੰਨਾ ੮੭੮ ਗੁਰੂ ਗ੍ਰੰਥ ਸਾਹਿਬ)

ਮਨ ਕੇਵਲ ਨਾਮ ਦੇ ਆਸਰੇ ਹੀ



www.AKJ.Org

ਆਪਣੇ ਅਸਲੀ ਘਰ ਵਿਚ ਟਿਕ ਜਾਂਦਾ ਹੈ ਅਤੇ ਨਾਮ ਨਾਲ ਪਿਆਰ ਤਦ ਹੀ ਪੈਂਦਾ ਹੈ ਜਦ ਕਰਤਾਰ ਆਪ ਆਪਨੀ ਕਿਰਪਾ ਦਵਾਰਾ ਇਸ ਜੀਵ ਨੂੰ ਆਪਨੀ ਯਾਦ ਵਿਚ ਜੋੜ ਲੈਂਦਾ ਹੈ।

"ਇਹੁ ਮਨੁ ਚਲਤਉ ਸਚ ਘਰਿ ਬੈਸੈ,
ਨਾਨਕ ਨਾਮ ਆਧਾਰੋ ॥
ਆਪੇ ਮੇਲਿ ਮਿਲਾਏ ਕਰਤਾ,
ਲਾਗੈ ਸਾਚਿ ਪਿਆਰੋ ॥
(ਪੰਨਾ ੯੩੮ ਗੁਰੂ ਗ੍ਰੰਥ ਸਾਹਿਬ)

ਇਹ ਹੀ ਵਜਾ ਹੈ ਕੇ ਜਦ–

ਕੁਝ ਸਿਧਾਂ ਨੇ ਬਾਬਾ ਜੀ ਨੂੰ ਕਿਹਾ ਕੇ ਅਸੀ ਸੁਣਿਆ ਹੈ ਕੇ ਆਪ ਨੇ ਆਪਣੇ ਦੇਸ਼ ਰਟਨ ਅੰਦਰ ਲੋਕਾਂ ਨੂੰ ਕਰਾਮਾਤਾਂ ਦਸੀਆਂ ਹਨ ਸਾਨੂੰ ਵੀ ਕੋਈ ਕਰਾਮਾਤ ਦਸੋ। ਸਿਧਾਂ ਨੂੰ ਇਹ ਮਾਨ ਸੀ ਕੇ ਸਾਡੇ ਪਾਸ ਰਿਦੀਆਂ ਸਿਧੀਆਂ ਹਨ ਅਸੀ ਇਨਾ ਰਾਂਹੀ ਲੋਕਾਂ ਨੂੰ ਆਪਨੇ ਮਤ ਵਿਚ ਲਿਆ ਕੇ ਆਪਨੀ ਪੂਜਾ ਕਰਾ ਸਕਦੇ ਹਾਂ ਪਰ ਬਾਬਾ ਜੀ ਨੇ ਦਸਿਆ ਕੇ ਲੋਕਾਂ ਨੂੰ ਕਰਾਮਾਤਾਂ ਦਸ ਕੇ ਆਪਨੀ ਵਡਿਆਈ ਕਰਾਨੀ ਫਜ਼ੂਲ ਹੈ। ਪ੍ਰਮਾਤਮਾ ਦੇ ਸਚੇ ਨਾਮ ਤੋਂ ਬਿਨਾ ਬਾਕੀ ਚੀਜ਼ਾਂ ਇਵੇਂ ਹਨ ਜਿਵੇਂ ਬਦਲਾਂ ਦੀ ਛਾਂ। ਬਦਲਾਂ ਦੀ ਛਾਂ ਥੋੜੇ ਸਮੇਂ ਲਈ ਰਹਿਕੇ ਉਡ ਜਾਂਦੀ ਹੈ ਅਤੇ ਦੁਨੀਆਂ ਦਾ ਕੁਝ ਨਹੀਂ ਸਵਾਰ ਸਕਦੀ ਇਵੇਂ ਹੀ ਕਰਾਮਾਤਾਂ ਸਾਨੂੰ ਕੁਝ ਲਾਭ ਨਹੀਂ ਪੁਜਾ ਸਕਦੀਆਂ। ਇਨਾ ਕਥਨਾ ਦੀ ਪੁਸ਼ਟੀ ਭਾਈ ਸਾਹਿਬ ਗੁਰਦਾਸ ਜੀ ਦੀ ਹੇਠ ਲਿਖੀ ਪਉੜੀ ਤੋਂ ਹੁੰਦੀ ਹੈ:–

"ਬਾਬਾ ਬੋਲੇ ਨਾਥ ਜੀ,
ਸ਼ਬਦ ਸੁਨਹੁ ਸੱਚ ਮੁਖਹੁ ਆਲਾਈ ॥
ਬਾਝਹੁੰ ਸੱਚੇ ਨਾਮ ਦੇ ਹੋਰ,
ਕਰਾਮਾਤ ਅਸਾਂਥੇ ਨਾਹੀਂ ॥
ਬਸਤਰ ਪਹਿਰੋ ਅਗਨਿ ਕੇ,
ਬਰਫ਼ ਹਿਮਾਲੇ ਮੰਦਰ ਛਾਈ।
ਕਰੋ ਰਸੋਈ ਸਾਰਦੀ,
ਸਗਲੀ ਧਰਤੀ ਨੱਥ ਚਲਾਈ।
ਏਵਡ ਕਰੀ ਵਿਥਰਾ ਕਉ ਸਗਲੀ
ਧਰਤੀ ਹੱਕੀ ਜਾਈ।
ਤੋਲੀ ਧਰਤ ਅਕਾਸ਼ ਦੁਇ,
ਪਿੱਛੇ ਛਾਬੇ ਟੰਕ ਚੜ੍ਹਾਈ।
ਏਹ ਬਲ ਰੱਖਾਂ ਆਪ ਵਿਚ,
ਜਿਸ ਆਖਾਂ ਤਿਸ ਪਾਰ ਕਰਾਈ।
ਸੱਤਿਨਾਮ ਬਿਨ ਬਾਦਰ ਛਾਈ।
(ਪਉੜੀ ੪੩ ਵਾਰ ਪਹਿਲੀ)

ਇਸੇ ਲਈ ਬਾਬਾ ਜੀ ਨੇ ਉਚੀ ਅਵਾਜ ਵਿਚ ਕਿਹਾ ਕੇ ਦੁਨੀਆ ਦੇ ਲੋਕੋ ਆਪਨਾ ਲੋਕ ਪਰਲੋਕ ਸਵਾਰਨ ਲਈ।

"ਜਪਹੁ ਤ ਏਕੋ ਨਾਮਾ ॥
ਅਵਰਿ ਨਿਰਾਫਲ ਕਾਮਾ ॥
(ਪੰਨਾ ੭੨੮ ਗੁਰੂ ਗ੍ਰੰਥ ਸਾਹਿਬ)

ਜਦ ਸਜਨ ਠਗ ਬਾਬਾ ਜੀ ਦਾ ਉਪ-ਦੇਸ਼ ਸੁਣਕੇ ਆਪਨੇ ਕੀਤੇ ਕਰਮਾਂ ਤੇ ਪਛਤਾਵਾ ਕਰਨ ਲਗਾ ਤਾਂ ਉਸ ਨੇ ਬਾਬਾ ਜੀ ਦੇ ਚਰਨੀ ਡਿਗ ਕੇ ਬੇਨਤੀ ਕੀਤੀ ਕੇ ਸਚੇ ਪਾਤਸ਼ਾਹ ਕੋਈ ਐਸੀ ਜੁਗਤੀ ਵੀ ਹੈ ਜਿਸ ਨਾਲ ਮੇਰੇ ਜੈਸੇ ਪਾਪੀ ਦੀ ਕਲਿਆਨ ਹੋ ਸਕੇ ਤਾਂ ਗੁਰੂ ਸਾਹਿਬ ਨੇ ਫੁਰਮਾਇਆ ਕੇ ਸਬ ਤੋਂ ਪਹਿਲਾਂ ਤੂੰ ਜ਼ੁਲਮ ਕਰਕੇ ਇਕਠੀ ਕੀਤੀ ਮਾਇਆ ਨੂੰ ਇਸ ਦੇ ਅਸਲੀ ਮਾਲਕਾਂ ਨੂੰ ਮੋੜ ਦੇ। ਜਿਨਾ ਬੇਗੁਨਾਹਾਂ ਨੂੰ ਤੂੰ ਮਾਰ ਮੁਕਾਇਆ ਹੈ ਉਨਾ ਦੇ ਪ੍ਰਵਾਰਾਂ ਤੋਂ ਮਾਫੀ ਮੰਗ ਅਤੇ ਆਪਨੇ ਘਰ ਨੂੰ ਸਹੀ ਅਰਥਾਂ ਵਿਚ ਧਰਮ ਸਾਲਾ ਬਨਾ ਅਤੇ ਆਏ ਗਏ ਮੁਸਾਫਰਾਂ ਯਾ ਲੋੜ ਵੰਦਾ ਦੀ ਉਸ ਧਨ ਨਾਲ ਸੇਵਾ ਕਰ ਯਾ



www.AKJ.Org

ਲੰਗਰ ਚਲਾ ਜੋ ਧਨ ਤੂੰ ਕਰੜੀ ਮਿਹਨਤ ਮੁਸ਼ਕੱਤ ਕਰਕੇ ਕਮਾਇਆ ਹੈ। ਕਿਉਂ ਕੇ ਰਬ ਦੇ ਰਸਤੇ ਤੁਰਨ ਲਈ ਇਹ ਪਹਿਲੀ ਪਉੜੀ ਹੈ ਕੇ "ਘਾਲਿ ਖਾਇ ਕਿਛੁ ਹਥਹੁ ਦੇਹਿ। ਨਾਨਕ ਰਾਹੁ ਪਛਾਣਹਿ ਸੇਇ ॥"

(ਪੰਨਾ ੧੨੪੫ ਗੁਰੂ ਗ੍ਰੰਥ ਸਾਹਿਬ)

ਜੋ ਆਦਮੀ ਮਿਹਨਤ ਕਰਕੇ ਰੁਪਿਆ ਕਮਾਇਗਾ ਅਤੇ ਉਸ ਵਿਚੋਂ ਲੋੜਵੰਦਾ ਨੂੰ ਵੀ ਵੰਡ ਦੇਵੇਗਾ ਉਸ ਦੇ ਮਨ ਵਿਚੋਂ ਲੋਭ ਨਸ ਜਾਵੇਗਾ ਅਤੇ ਉਸਦੇ ਅੰਦਰ ਸੰਤੋਖ ਪੈਦਾ ਹੋਵੇਗਾ। ਐਸੇ ਆਦਮੀ ਲੋਕਾਂ ਦੀ ਸੇਵਾ ਕਰਦੇ ਕਰਦੇ ਗੁਰਮੁਖ ਯਾ ਗੁਰੂ ਦੇ ਅਨੁਸਾਰੀ ਬਣ ਜਾਂਦੇ ਹਨ। ਗੁਰਮੁਖ ਮਾਇਆ ਨਾਲ ਪਿਆਰ ਨਹੀਂ ਕਰਦੇ ਕਿਉਂ ਕੇ ਹਰੀ ਦੇ ਨਾਮ ਤੋਂ ਬਿਨਾ ਉਨਾ ਨੂੰ ਕੁਝ ਚੰਗਾ ਨਹੀਂ ਲਗਦਾ, ਉਹ ਆਪਨੀ ਮਾਇਆ ਨੂੰ ਹਰੀ ਦੇ ਨਮਿਤ ਖਰਚ ਕੇ ਖੁਸ਼ ਹੁੰਦੇ ਹਨ। ਐਸੇ ਗੁਰਮੁਖਾਂ ਦੀ ਮਾਇਆ ਧਨ ਮਾਲ ਤੇ ਹੋਰ ਪਦਾਰਥ ਸਬ ਪਵਿਤ੍ਰ ਹਨ :—

"ਗੁਰਮੁਖਿ ਸਭ ਪਵਿਤੁ ਹੈ
ਧਨੁ ਸੰਪੈ ਮਾਇਅ ॥
ਹਰਿ ਅਰਥਿ ਜੋ ਖਰਚਦੇ
ਦੇਂਦੇ ਸੁਖੁ ਪਾਇਆ ॥
ਜੋ ਹਰਿਨਾਮੁ ਧਿਆਇਦੇ
ਤਿਨ ਤੋਟਿ ਨ ਆਇਆ ॥
ਗੁਰਮੁਖਾ ਨਦਰੀ ਆਵਦਾ
ਮਾਇਆ ਸੁਟਿ ਪਾਇਆ ॥
ਨਾਨਕ ਭਗਤਾਂ ਹੋਰ ਚਿਤਿ ਨ ਆਵਈ
ਹਰਿ ਨਾਮ ਸਮਾਇਆ ॥"

(ਪੰਨਾ ੧੨੪੬ ਗੁ. ਗ੍ਰੰਥ ਸਾਹਿਬ)

ਬਾਬਾ ਜੀ ਦੇ ਬਚਨ ਸੁਨ ਕੇ ਸਜਨ ਠਗ ਨੇ ਪਾਪਾਂ ਨਾਲ ਇਕਠੇ ਕੀਤੇ ਹੋਏ ਧਨਮਾਲ ਨੂੰ ਲੁਟਾ ਦਿਤਾ ਤੇ ਆਪਨੇ ਘਰ ਨੂੰ ਸਚੀ ਧਰਮ-ਸ਼ਾਲਾ ਬਨਾ ਕੇ ਬੈਠ ਗਿਆ। ਇਸ ਤਰ੍ਹਾਂ ਪਰਉਪਕਾਰੀ ਬਾਬਾ ਜੀ ਇਕ ਠਗ ਨੂੰ ਸਾਧ ਬਨਾਕੇ ਹੋਰ ਜੀਵਾਂ ਦਾ ਉਧਾਰ ਕਰਨ ਲਈ ਅਗੇ ਤੁਰ ਪਏ। ਕਈ ਸਜਨ ਇਸ ਗਲ ਤੇ ਹਰਾਨੀ ਪ੍ਰਗਟ ਕਰਦੇ ਹਨ ਕੇ ਦੁਨੀਆਂ ਦਾ ਕੋਈ ਕੰਮ ਨਿਕਾ ਯਾ ਵਡਾ ਮਾਇਆ ਤੋਂ ਬਿਨਾਂ ਨਹੀਂ ਹੋ ਸਕਦਾ। ਸਾਨੂੰ ਲੋਕਾਂ ਵਿਚ ਮਾਨ ਵਡਿਆਈ ਤਾਂ ਹੀ ਮਿਲ ਸਕਦੀ ਹੈ ਜੇ ਸਾਡੇ ਪਾਸ ਦੋਲਤ ਹੋਵੇ ਤਾਂ। ਰੁਪਏ ਬਿਨਾ ਤਾਂ ਕੋਈ ਕਿਸੇ ਦੀ ਬਾਤ ਨਹੀਂ ਪੁਛਦਾ "ਨਿਰਧਨ ਆਦਰ ਕੋਈ ਨ ਦੇਇ" ਦੇ ਮਹਾਂ ਵਾਕ ਅਨੁਸਾਰ ਗਰੀਬ ਆਦਮੀ ਦਾ ਸਤਕਾਰ ਨਹੀਂ ਹੁੰਦਾ ਤਾਂ ਫਿਰ ਬਾਬਾ ਜੀ ਨੇ ਮਾਇਆ ਨੂੰ ਤਿਆਗਨ ਤੇ ਕਿਉਂ ਜ਼ੋਰ ਦਿਤਾ। ਦੁਨੀ ਚੰਦ ਨੂੰ ਬਾਬਾ ਜੀ ਨੇ ਇਹ ਗਲ ਕਿਉਂ ਆਖੀ ਕੇ ਤੂੰ ਉਹ ਧਨ ਗਰੀਬਾਂ ਨੂੰ ਲੁਟਾ ਦੇ ਜੋ ਤੇਰੇ ਬਾਪ ਦਾਦਾ ਯਾ ਤੂੰ ਜੋੜਿਆ ਹੈ। ਜਦ ਵੀ ਅਸੀਂ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵੀਚਾਰਦੇ ਹਾਂ ਤਾਂ ਸਾਨੂੰ ਸਮਝ ਪੈਂਦੀ ਹੈ ਕਿ ਬਾਬਾ ਜੀ ਨੇ ਧਨ ਕਮਾਨ ਤੋਂ ਕਿਸੇ ਨੂੰ ਹੋੜਿਆ ਨਹੀਂ ਹਾਂ ਧਨ ਕਮਾਨ ਵਾਲਿਆਂ ਲਈ ਇਕ ਦੋ ਸ਼ਰਤਾਂ ਜ਼ਰੂਰ ਰਖੀਆਂ। ਪਹਿਲੀ ਤਾਂ ਇਹ ਕੇ ਅਸੀਂ ਕਿਸੇ ਦਾ ਹਕ ਮਾਰ ਕੇ ਯਾ ਕਿਸੇ ਨਾਲ ਧਕਾ ਕਰਕੇ ਧਨ ਇਕਠਾ ਨਹੀਂ ਕਰਨਾ। ਕਿਉਂ ਕੇ ਜਦ ਵੀ ਇਕ ਮਨੁਖ ਦੂਜੇ ਮਨੁਖ ਦਾ ਯਾ ਇਕ ਬਾਦਸ਼ਾਹ ਦੂਜੇ ਬਾਦਸ਼ਾਹ ਦਾ ਧਨ ਖੋਹਨ ਦਾ ਯਤਨ ਕਰਦਾ ਹੈ ਤਾਂ ਦੁਨੀਆਂ ਵਿਚ ਭਿਆਨਕ ਜੰਗ ਹੁੰਦੇ ਹਨ। ਹਜ਼ਾਰਾਂ ਬੇ ਦੋਸ਼ੇ ਮਨੁਖ ਮਾਰੇ ਜਾਂਦੇ ਹਨ ਅਤੇ ਦੁਨੀਆਂ ਵਿਚ ਅਸ਼ਾਂਤੀ

ਬਾਕੀ ਦੇਖੋ ਸਫਾ ੨੧ ਤੇ



www.AKJ.Org

# ਅਨਤ ਕਲਾ ਹੋਇ ਠਾਕੁਰੁ ਚੜਿਆ

ਭਾਈ ਮਨਮੋਹਨ ਸਿੰਘ M.Sc. ਜੈਪੁਰ

ਕਿਸੇ ਥਾਂ ਤੇ ਗੜਬੜ ਹੋ ਜਾਂਦੀ ਹੈ ਜਾਂ ਕਿਸੇ ਦੋ ਵਿਯਕਤੀਆਂ ਵਿਚ ਝਗੜਾ ਹੋ ਜਾਂਦਾ ਹੈ ਤਾਂ ਮੌਕੇ ਤੇ ਮੌਜੂਦ ਪੁਲੀਸ ਦੇ ਸਿਪਾਹੀ ਵਿਚ ਪੈਕੇ ਨਿਕੀ ਮੋਟੀ ਗਲ ਨੂੰ ਨਜਿਠ ਲੈਂਦੇ ਹਨ। ਜੇਕਰ ਝਗੜਾ ਵਧ ਜਾਵੇ ਤਾਂ ਸੁਪ੍ਰੰਟੈਂਡੈਂਟ ਪੁਲੀਸ ਜਾਂ ਡਿਸਟ੍ਰਿਕਟ ਮੈਜਿਸਟ੍ਰੇਟ ਨੂੰ ਦਖਲ ਦੇਣਾ ਪੈਂਦਾ ਹੈ ਕਿਉਂਕਿ ਉਸ ਝਗੜੇ ਨੂੰ ਨਿਜਠਨ ਲਈ ਡਿਊਟੀ ਵਾਲੇ ਆਮ ਸਿਪਾਹੀ ਏਨੀ ਸਮਰਥਾ ਨਹੀਂ ਰਖਦੇ। ਹਾਲਾਤ ਹੋਰ ਵੀ ਵਿਗੜ ਜਾਣ, ਫ਼ਸਾਦ ਸ਼ੁਰੂ ਹੋ ਜਾਨ ਆਮ ਜਨਤਾ ਦੀ ਅਜ਼ਾਦੀ ਤੇ ਇਜ਼ਤ ਖਤਰੇ ਵਿਚ ਪੈ ਜਾਏ ਤਾਂ ਹਾਲਾਤ ਨੂੰ ਸੰਭਾਲਣ ਲਈ ਫੌਜ ਨੂੰ ਬੁਲਾਇਆ ਜਾਂਦਾ ਹੈ ਕਿਸੇ ਵਡੇ ਫੌਜੀ ਅਫਸਰ ਨੂੰ ਪੂਰੇ ਇਖਤਿਆਰ ਦਿਤੇ ਜਾਂਦੇ ਹਨ। ਫੌਜੀ ਕਾਨੂੰਨ ਲਾਗੂ ਕਰ ਦਿਤਾ ਜਾਂਦਾ ਹੈ।

ਅਕਾਲ ਪੁਰਖ ਵਲੋਂ ਇਸ ਸ੍ਰਿਸ਼ਟੀ ਦਾ ਨਿਜ਼ਾਮ ਵੀ ਕੁਝ ਏਸੇ ਤਰਾਂ ਚਲ ਰਿਹਾ ਹੈ। ਸ੍ਰਿਸ਼ਟੀ ਵਿਚ ਵਰਤ ਰਹੀ ਦਸ਼ਾ ਨੂੰ ਵੇਖਦੇ ਹੋਏ ਉਸ ਸਮੇਂ ਦੀ ਲੋੜ ਅਨੁਸਾਰ ਅਕਾਲ ਪੁਰਖ ਪਾਰਬ੍ਰਹਮ, ਮਹਾਂਪੁਰਸ਼ਾਂ ਨੂੰ ਆਪਣੀ ਅਨੰਤ ਤੇ ਅਮੁਕ ਜੋਤਿ ਸ਼ਕਤੀ ਵਿਚੋਂ ਕੁਝ ਸ਼ਕਤੀ ਦੇਕੇ, ਸ੍ਰਿਸ਼ਟੀ ਦੇ ਉਧਾਰ ਲਈ ਘਲਦਾ ਰਹਿੰਦਾ ਹੈ। ਇਸੇ ਲਈ ਵਖੋ ਵਖ ਜੁਗਾਂ ਵਿਚ, ਉਦੋਂ ਦੇ ਵਾਪਰ ਰਹੇ ਹਾਲਾਤ ਤੇ ਲੋੜ ਅਨੁਸਾਰ ਵਖੋ ਵਖ ਸ਼ਕਤੀਆਂ ਵਾਲੇ ਮਹਾਂਪੁਰਸ਼ ਹੋਏ ਜਿਨਾਂ ਨੂੰ ਭਾਰਤੀ ਬੋਲੀ ਵਿਚ ਅਵਤਾਰ ਕਿਹਾ ਜਾਂਦਾ ਹੈ। ਕੁਰਾਨ ਵਿਚ ਵੀ ਕਿਤੇ ਜ਼ਿਕਰ ਆਉਂਦਾ ਹੈ ਕਿ ਰਬ ਨੇ ਕਿਹਾ ਕਿ ਉਹ ਦੁਨੀਆਂ ਵਿਚ ਲੋੜ ਅਨੁਸਾਰ ਵਡੇ ਜਾਂ ਛੋਟੇ ਨਬੀ ਘਲਦਾ ਹੈ। ਰਿਸ਼ੀ ਤੁਲਸੀ ਜੀ ਦੀ ਰਾਮਾਯਣ ਅਨੁਸਾਰ ਤ੍ਰੇਤਾ ਜੁਗ ਵਿਚ ਸ੍ਰੀ ਰਾਮ ਚੰਦਰ ਜੀ ੧੨ ਕਲਾ ਭਾਵ ੧੨ ਸ਼ਕਤੀਆਂ ਲੈਕੇ ਅਵਤਾਰ ਪ੍ਰਗਟ ਹੋਏ ਕਿਉਂਕਿ ਉਦੋਂ ਏਨੀ ਕੁ ਸ਼ਕਤੀ ਦੀ ਹੀ ਲੋੜ ਸਮਝੀ ਗਈ। ਫੇਰ ਦੁਆਪਰ ਵਿਚ ਸ੍ਰਿਸ਼ਟੀ ਤੇ ਪਾਪ ਹੋਰ ਵਧ ਗਏ ਤਾਂ ਸ੍ਰੀ ਕ੍ਰਿਸ਼ਨ ਜੀ ੧੬ ਕਲਾਂ ਜਾਂ ਸ਼ਕਤੀਆਂ ਨਾਲ ਵਰੋਸਾ ਕੇ ਪ੍ਰਗਟ ਹੋਏ। ਇਸ ਤੋਂ ਪਿਛੋਂ ਕਲਜੁਗ ਵਿਚ ਜਦ ਪਾਪਾਂ ਦਾ ਅੰਤ ਹੀ ਨਾ ਰਿਹਾ ਸ੍ਰਿਸ਼ਟੀ ਵਿਚ ਸਤ ਤੇ ਧਰਮ ਦਾ ਨਾਮ ਹੀ ਅਲੋਪ ਹੁੰਦਾ ਦਿਸਿਆ ਤਾਂ ਇਨਾਂ ਹਾਲਾਤ ਵਿਚ ਨਾ ੧੨ ਕਲਾਂ ਵਾਲੇ ਸ੍ਰੀ ਰਾਮ ਚੰਦਰ ਤੇ ਨਾਹੀ ਸੋਲਾਂ ਕਲਾ ਸੰਪੂਰਨ ਸ੍ਰੀ ਕ੍ਰਿਸ਼ਨ ਜੀ ਦੀ ਸਿਖੀਆ ਹੀ ਕੁਝ ਸਵਾਰ ਸਕਦੀ ਸੀ, ਐਸੇ ਅਸੱਤ ਤੇ ਅਧਰਮ ਵਿਚ ਵਿਚਰ ਰਹੀ ਸ੍ਰਿਸ਼ਟੀ ਦੀ ਕਲਿਆਣ ਕੋਈ ਗਿਣਤੀ ਮਿਣਤੀ ਦੀ ਸ਼ਕਤੀ ਵਾਲਾ ਮਹਾਂਪੁਰਸ਼ ਜਾਂ ਅਵਤਾਰ ਨਹੀਂ ਕਰ ਸਕਦਾ ਸੀ। ਅਕਾਲ ਪੁਰਖ ਏਸੇ ਲਈ, ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਦੇ ਪਾਵਨ ਅਖਰਾਂ ਅਨੁਸਾਰ...



www.AKJ.Org

ਸੋਲਹ ਕਲਾ ਸੰਪੂਰਨ ਫਲਿਆ ॥
ਅਨਤ ਕਲਾ ਹੋਇ ਠਾਕੁਰੁ ਚੜਿਆ ॥
(ਮਾਰੂ ਸੋਲਹੇ ਮ: ੫)

ਭਾਵ ਕ੍ਰਿਸ਼ਨ ਜੀ ਤਾਂ ਸੋਲਾਂ ਕਲਾਂ ਸੰਪੂਰਨ ਸਨ ਤੇ ਖੁਦ ਅਕਾਲ ਪੁਰਖ ਜਾਂ ਠਾਕੁਰ ਅਨੇਕ ਕਲਾਂ ਲੈਕੇ ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਦੇ ਪਾਵਨ ਰੂਪ ਵਿਚ ਕਲਜੁਗ ਦੇ ਉਧਾਰ ਲਈ ਪ੍ਰਗਟ ਹੋਇਆ। ਇਸੇ ਲਈ ਗੁਰਬਾਣੀ ਦਰਸਾਂਦੀ ਹੈ :—

ਜੋਤਿ ਰੂਪਿ ਹਰਿ ਆਪਿ।
ਗੁਰੂ ਨਾਨਕੁ ਕਹਾਯਉ ॥
(ਸਵਈਏ ਮ: ੫)

ਸਭ ਤੇ ਵਡਾ ਸਤਿਗੁਰੁ ਨਾਨਕੁ,
ਜਿਨਿ ਕਲ ਰਾਖੀ ਮੇਰੀ ॥ ੪॥੧੦॥੫੭॥
(ਸੂਹੀ ਮ: ੫)

ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ॥
ਗੁਰਦੇਵ ਨਾਨਕ ਹਰਿ ਨਮਸਕਰਾ ॥
(ਗਉੜੀ ਬਾਵਨ ਅਖਰੀ ਮ: ੫)

ਯਾ ਮੈ ਰੰਚ ਨ ਮਿਥਿਆ ਭਾਖੀ ॥
ਪਾਰਬ੍ਰਹਮ ਗੁਰ ਨਾਨਕ ਸਾਖੀ ॥
(ਪਾ: ੧੦—ਸਰਬਲੋਹ ਗ੍ਰੰਥ)

ਇਸ ਦਾ ਸਪਸ਼ਟ ਭਾਵ ਇਹ ਹੈ ਕਿ ਜੋ ਕੁਲ ਸ਼ਕਤੀਆਂ ਅਕਾਲਪੁਰਖ ਵਿਚ ਹਨ, ਉਹ ਅਨਤ ਹਨ ਤੇ ਉਹ ਸਾਰੀਆਂ ਹੀ ਸ੍ਰੀ ਗੁਰੂ ਨਾਨਕ ਸਾਹਿਬ ਵਿਚ ਹਨ ਦੂਜੇ ਅਖਰਾਂ ਵਿਚ ਅਕਾਲ ਪੁਰਖ ਖੁਦ ਹੀ ਨਾਨਕ ਰੂਪ ਵਿਚ ਪ੍ਰਗਟ ਹੋਏ ਕਿਉਂਕਿ ਅਨਤ ਕਲਾ ਵਰਗਾ ਤਾਂ ਅਕਾਲ ਪੁਰਖ ਤੋਂ ਬਿਨਾਂ ਕੋਈ ਹੋਰ ਹੋ ਹੀ ਨਹੀਂ ਸਕਦਾ। ਸੋ ਸ੍ਰੀ ਗੁਰੂ ਨਾਨਕ ਨਿਰੋਲ ਜੋਤੀ ਪਰਬ੍ਰਹਮ ਪ੍ਰਮੇਸ਼ਰ ਦੀ ਜੋਤੀ ਹੈ ਤੇ ਇਸੇ ਲਈ ਗੁਰ ਫੁਰਮਾਣ ਹੈ :

"ਆਪ ਨਾਰਾਇਣ ਕਲਾਧਾਰ,
ਜਗ ਮਹਿ ਪਰਵਰਿਉ ॥"

ਅਤੇ ਇਸੇ ਲਈ ਸਤਿਗੁਰੂ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਨਾਨਕ ਜੀ ਨੂੰ "ਸਭ ਤੇ ਵਡਾ" ਕਹਿ ਕੇ ਉਪਮਾ ਕੀਤੀ ਹੈ।

ਮਹੰਤ ਕਲਿਆਨ ਦਾਸ ਜੀ ਉਦਾਸੀ ਆਪਣੀ ਪੁਸਤਕ "ਸਚੀ ਖੋਜ" ਵਿਚ ਇਸ ਸਬੰਧੀ ਭਾਰਤ ਦੇ ਪੁਰਾਤਨ ਗ੍ਰੰਥਾਂ ਦੇ ਹਵਾਲੇ ਦੇ ਕੇ ਇਸ ਤਰਾਂ ਬਿਆਨ ਕਰਦੇ ਹਨ :—

"...ਅਤੇ ਚੌਥਾ ਅੰਗਿਰਾ ਰਿਖੀ ਉਰੂ ਦੀ ਧਰਮ ਪਤਨੀ ਆਗਨੇਈ ਦੇ ਪੇਟੋਂ ਹੋਇਆ। ਇਸ ਨੇ ਅਥਰਵ ਵੇਦ ਲਿਖਿਆ ਹੈ ਅਤੇ ਇਸੇ ਦੀ ਲਿਖੀ ਹੋਈ ਇਕ ਸਿੰਮ੍ਰਿਤੀ ਹੈ। ਇਸੇ ਅੰਗਿਰਾ ਰਿਖੀ ਦਾ ਦੂਸਰਾ ਅੰਗਰਸ ਹੈ। ਇਹ ਆਪਣੇ ਪੁਤਰ ਮਨਸ ਨੂੰ ਰਾਜ ਦੇਕੇ ਆਪ ਤਪ ਕਰਨ ਵਾਸਤੇ ਜੰਗਲ ਨੂੰ ਤੁਰ ਗਿਆ। ਤੇ ਜੰਗਲ ਵਿਚ ਜਾਕੇ ਇਸਨੇ ਪਾਣੀ ਤੇ ਫੁਲ ਪਤੇ ਖਾਕੇ ਦਸ ਹਜ਼ਾਰ ਸਾਲ ਤਪ ਕੀਤਾ। ਤਾ ਵਿਸ਼ਨੂੰ ਸ਼ਿਵ, ਬ੍ਰਹਮਾ ਤਿੰਨੇ ਦੇਵਤੇ ਪ੍ਰਗਟ ਹੋਕੇ ਕਹਿਣ ਲਗੇ ਵਰ ਮੰਗੋ। ਪਰ ਅੰਗਿਰਾ ਰਿਖੀ ਚੁਪ ਕਰ ਰਹੇ ਤੇ ਕੋਈ ਵਰ ਨਹੀਂ ਮੰਗਿਆ ਫੇਰ ਅੰਗਿਆ ਨੇ ਜਲ, ਫ਼ਲ ਪਤੇ ਆਦਿ ਤਿਆਗ ਕੇ ਤੇ ਸੁਆਸ ਰੋਕ ਕੇ ਦੋ ਹਜ਼ਾਰ ਸਾਲ ਤਪ ਹੋਰ ਕੀਤਾ ਤੇ ਨਿੰਰਕਾਰ ਨੇ ਪ੍ਰਗਟ ਹੋਕੇ ਕਿਹਾ ਕਿ ਵਰ ਮੰਗ। ਤਾਂ ਅੰਗਿਰਾ ਨੇ ਕਿਹਾ ਕਿ ਮੇਰੇ ਘਰ ਅਵਤਾਰ ਲਉ। ਸੋ ਅੰਗਿਰਾ ਦੇ ਵਰ ਮੰਗਣ ਤੇ ਨਿੰਰਕਾਰ ਨੇ ਕਿਹਾ ਹੁਣ ਮੈਂ ਤੇਰੇ ਘਰ ਨਹੀਂ ਪੈਦਾ ਹੋ ਸਕਦਾ ਪਰ ਕਲਜੁਗ ਵਿਚ ਅਵਤਾਰ ਲੈਣਾ ਹੈ ਉਸ ਵੇਲੇ ਤੂੰ ਜਨਮ ਲੈਂਗਾ ਤਾਂ ਮੈਂ ਤੇਰੇ ਘਰ ਆਵਾਂਗਾ। ਸੋ ਇਹ ਅੰਗਿਰਾ ਰਿਖੀ ਜਿਸ ਦਾ ਦੂਸਰਾ ਨਾਮ ਅੰਗਰਸ ਹੈ ਤੇ ਇਸ ਦੇ ਨਾਮ ਤੇ ਅੰਗਰਸ ਦੀ ਜਿਸ ਦੇ ਬਾਰੇ ਗੋਤ ਚਲੀ ਹੈ ਬੇਦੀਆਂ ਦੀ ਜਿਸਦੇ ਬਾਰੇ ਮਹਾਂ ਪੁਰਸ਼ ਸੰਤ ਰੇਣ ਜੀ ਦੇ ਮਾਤਰੇ ਵਿਚ ਆਇਆ ਹੈ—


www.AKJ.Org

ਉਦਾਸ ਮਹਾਂ ਚਿਤ ਕੇ ਦੀਨਾ ॥
ਗੋਤ ਅੰਗਰਸ ਕਹੋ ਦੀਨਾ ॥
ਸੋ ਇਹੋ ਅੰਗਰਸ ਰਿਖੀ ਕਲਜੁਗ ਵਿਚ ਸ਼ਿਵ ਰਾਮ ਦੇ ਘਰ ਕਲਿਆਣ ਰਾਇ ਪੈਦਾ ਹੋਇਆ ਜਿਸਦੇ ਘਰ ਪਿਛਲੀ ਤਪਸਿਆ ਤੇ ਵਰ ਦੇ ਅਨੁਸਾਰ ਨਿਰੰਕਾਰ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਏ ॥"

("ਸਚੀ ਖੋਜ" ਪੰਨਾ ੪੩੪੪)

ਇਥੇ ਹੀ ਬੱਸ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਵੀ ਕਈ ਪੁਰਾਤਨ ਪੁਸਤਕਾਂ ਵਿੱਚ ਆਇਆ ਹੈ ਕਿ ਇਸ ਨਾਮ ਨਾਲ ਮਹਾਂ ਵਿਸ਼ਨੂੰ (ਭਾਵ ਅਕਾਲ ਪੁਰਖ) ਸ੍ਵਯੰ ਅਵਤਾਰ ਧਾਰਨਗੇ ਜਿਹਾ ਕਿ :-

ਏਵੰ ਵੇਈ ਧਰਮਾ ਪ੍ਰਾਚਰਯੰ,
ਭਵਿਖਤੀ ਯਦਾ ਕਲੋ ॥ ੩੩ ॥
ਤਦਾਵੈ ਲੋਕ ਰਖਿਆਰਥੰ,
ਮਲੇਛਾਨਾ ਨਾਸ ਹੇਵਤੇ,
ਪਸਚ ਮੇਤੂ ਸੁਭਦੇਸੇ ਵੇਦਵੰ ਸਚੇ ਨਾਨਕਾ ।੩੪
ਨਾਮ ਨਾਚ ਭੁਵਿਰਾਜ ਰਿਖਿਅੰ
ਬ੍ਰਹਮ ਗਿਆਨੈਕ ਮਹਨਸ :
ਭਵਿਖਤ ਕੋਲ ਸਕੰਧ ਤਤੱਵ ਵਿਤ
ਕਲਿਆ ਹਰੇ ॥ ੩੫ ॥

ਅਰਥ : ਸੋ ਜਦੋਂ ਕਲਜੁਗ ਵਿਚ ਧਰਮ ਦੀ ਹਾਨੀ ਹੋਵੇਗੀ ਉਸ ਵੇਲੇ ਪਛਮ ਧਰਤ ਦੇ ਬੇਦੀਆਂ ਦੀ ਕੁਲ ਵਿਚ ਮਹਾਂ ਵਿਸ਼ਨੂੰ ਅਵਤਾਰ ਲੈ ਕੇ ਨਾਨਕ ਨਾਮ ਰਖਾਏਗਾ ਤੇ ਧੁਰੋਂ ਹੀ ਬ੍ਰਹਮ ਗਿਆਨ ਵਾਲਾ ਹੋ ਕੇ ਆਵੇਗਾ । (ਪੁਸਤਕ ਸਚੀ ਖੋਜ ਪੰਨਾ ੫੬)

ਸੋ ਭਾਵ ਇਹ ਕਿ ਪੁਰਾਤਨ ਹਿੰਦੂ ਮਤ ਦੇ ਗ੍ਰੰਥਾਂ ਵਿਚ ਭਵਿਸ਼ ਵਾਕ ਇਸ ਸੰਬੰਧ ਦੇ ਮਿਲਦੇ ਹਨ ਕਿ ਕਲਜੁਗ ਵਿਚ ਮਹਾਂ ਵਿਸ਼ਨੂੰ (ਭਾਵ ਅਕਾਲ ਪੁਰਖ) ਖੁਦ ਨਾਨਕ ਨਾਮ ਦੇ ਰੂਪ ਵਿਚ ਸੰਸਾਰ ਤੇ ਪ੍ਰਗਟ ਹੋਕੇ ਸ੍ਰਿਸ਼ਟੀ ਦਾ ਉਧਾਰ ਕਰਨਗੇ।

ਏਸੇ ਵਾਸਤੇ ਗੁਰਬਾਣੀ ਵਿਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਵਲ ਇਸ਼ਾਰਾ ਕਰਦੇ ਹੋਏ ਫੁਰਮਾਣ ਹੈ :-

ਸਤਿਗੁਰੁ ਮੇਰਾ ਸਦਾ ਸਦਾ,
ਨਾ ਆਵੈ ਨ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ,
ਸਭ ਮਹਿ ਰਹਿਆ ਸਮਾਇ ॥

ਇਸੇ ਲਈ ਸਤਿਗੁਰ ਨਾਨਕ ਦੇਵ ਜੀ ਦੇ ਸਬੰਧ ਵਿਚ ਇਥੋਂ ਤਕ ਫੁਰਮਾਇਆ ਹੈ ਕਿ ਸ੍ਰੀ ਗੁਰ ਨਾਨਕ ਦੇਵ ਜੀ ਬਾਝੋਂ ਨਾ ਕੋਈ ਸਚਾ ਗੁਰ (ਸਤਿਗੁਰ) ਨਾ ਹੋਇਆ ਤੇ ਨਾ ਹੋਵੇਗਾ ਅਤੇ ਸਾਰੇ ਸ੍ਰਿਸ਼ਟੀ ਦਾ ਉਧਾਰ ਉਨਾਂ ਨੇ ਹੀ ਕਰਨਾ ਹੈ :-

ਸਤਿਗੁਰ ਬਾਝਹੁ ਗੁਰੁ ਨਹੀ ਕੋਈ,
ਨਿਗੁਰੇ ਕਾ ਹੈ ਨਾਉ ਬੁਰਾ ॥

ਸੋ ਕਲਿਜੁਗ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਧੁਰੋਂ ਬਖਸ਼ਿਆ ਗੁਰਤਤਾ ਦਾ ਕਾਰਜ ਲੈਕੇ ਪ੍ਰਗਟ ਹੋਏ। ਉਹ ਅਕਾਲ ਪੁਰਖ ਦੀ ਜੋਤ ਵੀ ਹਨ ਤੇ ਉਸ ਤੋਂ ਭਿੰਨ ਵੀ। ਉਹ ਜੋਤ ਕਰਕੇ ਸਦਾ ਅਕਾਲ ਪੁਰਖ ਨਾਲ ਇਕ ਮਿਕ ਰਹਿੰਦੇ ਹਨ। "ਗੁਰੂ ਨਾਨਕ ਦੀ ਦਿਬ ਦ੍ਰਿਸ਼ਟੀ ਅਕਾਲ ਪੁਰਖ ਨੂੰ ਸਦਾ ਹੀ ਪ੍ਰਤਖ ਪੇਖਣ ਹਾਰੀ ਰਹਿੰਦੀ ਹੈ ਇਸੇ ਦਿਬ ਦ੍ਰਿਸ਼ਟੀ ਦੇ ਵਾਹਿਗੁਰੂ ਨੂੰ ਸਦਾ ਪੇਖਣਹਾਰੀ ਹੋਣ ਕਰਕੇ ਗੁਰੂ ਨਾਨਕ ਸਾਹਿਬ ਵਾਹਿਗੁਰੂ ਨਾਲ ਸਦਾ ਹੀ ਅਭੇਦ ਰਹਿੰਦੇ ਹਨ। ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਨਾਲ ਭੇਜੇ ਹੋਏ ਗੁਰੂ ਨਾਨਕ ਸਾਹਿਬ ਇਕ ਛਿਨ ਮਾਤ੍ਰ ਵੀ ਅਕਾਲ-ਪੁਰਖ ਵਾਹਿਗੁਰੂ ਤੋਂ ਦੂਰ ਨਹੀਂ ਹੁੰਦੇ।" (ਗੁਰਮਤਿ ਪ੍ਰਕਾਸ਼: ਭਾ: ਸ: ਭਾ: ਰਣਧੀਰ ਸਿੰਘ


www.AKJ.Org

ਸ੍ਰੀ ਰਾਜਾ ਗੋਪਾਲਾਚਾਰੀ ਆਪਣੀ ਅੰਗਰੇਜ਼ੀ ਵਿਚ ਲਿਖੀ ਪੁਸਤਕ ਰਾਮਾਇਣ (Ramayana by Sri C. Rajagopalachari- Bharatya Vidya Bhavan Bombay) ਦੇ ਅੰਤ ਵਿਚ ਪੰਨਾ ੨੯੫-੨੯੬ ਤੇ ਇਸ ਤਰਾਂ ਲਿਖਦੇ ਹਨ :-

"As the prince (refering to Rama) returned from Mithilia, he met Parasuraama. I have heard it said that with that meeting, Parasuraama's avataar came to an end. Like wise, it should be held, I think that Raama's avataar came to end with the slaying of Raavana. After that battle, Raama remained only as a King of Ikshvaaku race."

ਅਰਥ : ਮਿਥੀਲੀਆ ਤੋਂ ਵਾਪਸੀ ਤੇ ਰਾਮਚੰਦਰ ਜੀ ਪਰਸਰਾਮ ਨੂੰ ਮਿਲੇ। ਮੈਂ ਇਹ ਸੁਣਿਆ ਹੈ ਕਿ ਉਸ ਮੇਲ ਨਾਲ ਪਰਸ ਰਾਮ ਦੇ ਅਵਤਾਰ ਦਾ ਅੰਤ ਹੋ ਗਿਆ। ਇਸੇ ਤਰਾਂ ਮੇਰੇ ਖਿਆਲ ਅਨੁਸਾਰ ਰਾਵਨ ਦੇ ਮਾਰਨ ਦੇ ਨਾਲ ਹੀ ਰਾਮ ਦਾ ਅਵਤਾਰ ਵੀ ਖਤਮ ਹੋ ਗਿਆ। ਉਸ ਲੜਾਈ ਤੋਂ ਪਿਛੋਂ ਰਾਮਚੰਦਰ ਦਾ ਜੀਵਨ ਸਿਰਫ ਇਕਸਵਾਕੂ ਨਸਲ ਦੇ ਇਕ ਰਾਜੇ ਦਾ ਜੀਵਨ ਸੀ।"

ਸੋ ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਪਿਛੇ ਹੋਏ ਅਵਤਾਰ ਕਿਸੇ ਮਕਸਦ ਨੂੰ ਪੂਰਾ ਕਰਨ ਲਈ ਆਉਂਦੇ ਸਨ ਤੇ ਇਸੇ ਲਈ ਉਨ੍ਹਾਂ ਨੂੰ ਉਨੀ ਕੁ ਲੁੜੀਂਦੀ ਸ਼ਕਤੀ ਹੀ ਅਕਾਲ ਪੁਰਖ ਵਲੋਂ ਦਿਤੀ ਜਾਂਦੀ ਸੀ। ਨਾਲ ਹੀ ਉਨਾਂ ਦੀ ਸਾਰੀ ਆਯੂ ਉਹ ਅਵਤਾਰੀ ਦਾ ਦਰਜਾ ਨਹੀਂ ਸਨ ਰਖਦੇ। ਜਿਸ ਤਰਾਂ ਉਪਰਲੀ ਲਿਖਤ ਤੋਂ ਜ਼ਾਹਰ ਕਿ ਹੈ ਜਦੋਂ ਰਾਮ ਚੰਦਰ ਜੀ ਦਾ ਪਰਸਰਾਮ ਨਾਲ ਮੇਲ ਹੋਇਆ ਤਾਂ ਉਦੋਂ ਪਰਸਰਾਮ ਜੀ ਦੀ ਅਵਤਾਰ ਸ਼ਕਤੀ ਖਤਮ ਹੋ ਗਈ। ਏਸੇ ਤਰਾਂ ਰਾਮ ਚੰਦਰ ਜੀ-ਜਿਨਾਂ ਦੀ ਆਯੂ ਹਜ਼ਾਰ ਬਰਸ ਤੋਂ ਉਪਰ ਦਸੀ ਜਾਂਦੀ ਹੈ- ਦੀ ਅਵਤਾਰ ਸ਼ਕਤੀ ਰਾਵਨ ਸੰਘਾਰਨ ਨਾਲ ਖਤਮ ਹੋ ਗਈ। ਰਾਮਾਇਣ ਵਿਚ ਆਈਆਂ ਸਾਰੀਆਂ ਘਟਨਾਵਾਂ ਉਨ੍ਹਾਂ ਦੀ ਪਹਿਲੀ ਅਵਸਥਾ ਵਿਚ ਹੀ ਵਾਪਰੀਆਂ ਦਸੀਆਂ ਜਾਂਦੀਆਂ ਹਨ। ਲੰਕਾ ਤੋਂ ਵਾਪਸੀ ਤੇ ਅਯੁਧਿਆ ਦੀ ਰਾਜ ਗੱਦੀ ਸੰਭਾਲਨ ਪਿਛੋਂ ਉਹੇ ਇਕ ਆਮ ਚੰਗੇ ਰਾਜੇ ਦਾ ਜੀਵਨ ਹੀ ਬਿਤਾਂਦੇ ਰਹੇ। ਏਸੇ ਤਰਾਂ ਸ੍ਰੀ ਕ੍ਰਿਸ਼ਨ ਜੀ ਦੀ ਅਵਤਾਰ ਸ਼ਕਤੀ ਮਹਾਂ ਭਾਰਤ ਦੀ ਵੱਡੀ ਲੜਾਈ ਦੇ ਖਾਤਮੇ ਨਾਲ, ਖਤਮ ਹੋ ਜਾਂਦੀ ਹੈ ਹਾਲਾਕਿ ਉਨ੍ਹਾਂ ਦੀ ਆਯੂ ਇਕ ਸੌ ਪੰਝ ਸਾਲ ਦੀ ਦੱਸੀ ਜਾਂਦੀ ਹੈ,

ਸ੍ਰੀ ਗੁਰੂ ਨਾਨਕ ਦੇਵ ਜੀ ਹੀ ਇਕ ਨਿਰੋਲ ਤੇ ਇਕਲੀ ਹਸਤੀ ਹੋਈ ਹੈ ਜੋ ਕਿ ਪ੍ਰਗਟ ਹੋਣ ਤੋਂ ਲੈ ਕੇ ਪੰਚ ਸਰੀਰ ਭੂਤਕ ਨੂੰ ਤਿਆਗਣ ਤਕ, ਅਕਾਲ ਪੁਰਖ ਦੀਆਂ ਸਰਬ ਸ਼ਕਤੀਆਂ ਦੇ ਮਾਲਕ ਰਹੇ ਤੇ ਜੀਵਾਂ ਦਾ ਉਧਾਰ ਕਰਦੇ ਰਹੇ। ਏਥੇ ਹੀ ਬੱਸ ਨਹੀਂ ਉਨ੍ਹਾਂ ਦੀ ਸਰਬ ਕਲਾ ਸਮਰਥਤਾ ਉਨ੍ਹਾਂ ਜੋਤੀ ਜੋਤ ਸਮਾਉਣ ਪਿਛੋਂ ਵੀ ਕਾਇਮ ਦਾਇਮ ਉਸੇ ਤਰਾਂ ਪ੍ਰਗਟ ਪਹਾਰੇ ਨੌ ਜਾਮਿਆਂ ਵਿਚ ਵਿਚਰਦੀ ਰਹੀ। ਉਸੇ ਲਈ ਉਨ੍ਹਾਂ ਤੋਂ ਪਿਛੋਂ ਹੋਈਆਂ ਨੌ ਗੁਰ ਵਯਕਤੀਆਂ ਗੁਰੂ ਨਾਨਕ ਜੀ ਦਾ ਹੀ ਰੂਪ ਸਨ ਤੇ ਭਾਈ ਸਾਹਿਬ ਨੰਦਲਾਲ ਸਿੰਘ ਜੀ ਦੇ ਸ਼ਬਦਾਂ ਵਿਚ "ਸਭ ਏਕੋ ਏਕੇ ਏਕਨੰ,



www.AKJ.Org

ਹਨ। ਇਹ ਸ੍ਰਿਸ਼ਟੀ ਦੇ ਅਧਿਆਤਮ ਇਤੀਹਾਸ ਵਿਚ ਇਹ ਪਹਿਲਾ ਕ੍ਰਿਸ਼ਮਾ ਹੈ ਜੋ ਨਿਰੋਲ ਗੁਰੂ ਨਾਨਕ ਜੀ ਨੇ ਹੀ ਵਰਤਾਇਆ ਕਿਉਂਕਿ ਹੋਰ ਕੋਈ ਐਸੀ ਕਲਾ ਕ੍ਰਿਸ਼ਮੀ ਸ਼ਕਤੀ ਦਾ ਮਾਲਕ ਹੀ ਨਹੀਂ ਹੋਇਆ।

ਦਸਾਂ ਗੁਰ ਵਯਕਤੀਆਂ ਤਕ ਹੀ ਨਹੀਂ ਬਲਕਿ ਆਉਣ ਵਾਲੇ ਸਾਰੇ ਸਮਿਆਂ ਲਈ ਇਹੋ ਅਨਤ ਕਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਾਕੇ ਉਨ੍ਹਾਂ ਨੂੰ ਜੁਗੋ ਜੁਗ ਅਟਲ ਸਤਿਗੁਰੂ ਥਾਪ ਦਿਤਾ ਗਿਆ। ਗੁਰੂ ਨਾਨਕ ਦੇਵ ਜੀ ਆਪਣੀ ਸਰਬਗਤਾ ਤੇ ਅਨਤ ਕਲਾ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਦਾ ਲਈ ਕਾਇਮ ਦਾਇਮ ਜ਼ਾਹਰਾ ਜ਼ਹੂਰ ਪ੍ਰਗਟ ਪਹਾਰੇ ਵਿਚਰ ਰਹੇ ਹਨ ਤੇ ਏਸੇ ਤਰਾਂ ਵਿਚਰਦੇ ਰਹਿਣਗੇ। ਇਹ ਕਲਾ ਕ੍ਰਿਸ਼ਮੀ ਕੌਤਕ ਅਨਤ ਕਲਾ ਦਾ ਸੁਆਮੀ ਸ੍ਰੀ ਗੁਰੂ ਨਾਨਕ ਜੀ ਹੀ ਵਰਤਾ ਸਕਦੇ ਹਨ।

ਹੋਰ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਜਿਨੀਆਂ ਵੀ ਜਨਮ ਸਾਖੀਆਂ ਜਾਂ ਹੋਰ ਇਤਿਹਾਸਕ ਪੁਸਤਕਾਂ ਮਿਲਦੀਆਂ ਹਨ. ਉਨਾਂ ਵਿਚੋਂ ਇਹੋ ਹੀ ਸਪਸ਼ਟ ਹੁੰਦਾ ਹੈ ਕਿ ਗੁਰੂ ਜੀ ਧੁਰੋਂ ਹੀ ਪੜ੍ਹੇ ਹੋਏ ਸਨ। ਉਨਾਂ ਕਿਸੇ ਉਸਤਾਦ ਪਾਸੋਂ ਕੋਈ ਵਿਦਿਆ ਨਹੀਂ ਪੜ੍ਹੀ ਪਾਂਧੇ ਕੋਲ ਪੜ੍ਹਨ ਗਏ ਤਾਂ ਪੜ੍ਹਾਕੇ ਆਏ। ਕਾਜ਼ੀ ਕੋਲ ਗਏ ਤਾਂ ਉਸਨੂੰ ਜੀਵਨ ਕਣੀ ਬਖਸ਼ ਕੇ ਨਦਰ ਨਿਹਾਲ ਕੀਤਾ। ਅਤੇ ਇਹ ਸਭ ਕੁਝ ਛੋਟੀ ਜਿਹੀ ਬਚਪਨੇ ਦੀ ਆਯੂ ਵਿਚ।

ਫਿਰ ਨਵੀਨ ਇਤਹਾਸਕ ਖੋਜ ਦਸਦੀ ਹੈ ਕਿ ਸਤਿਗੁਰੂ ਨਾਨਕ ਜੀ ਬਹੁਤ ਸਾਰੇ ਦੇਸਾਂ ਵਿਚ ਪ੍ਰਚਾਰ ਰਟਨ ਕੀਤਾ। ਚੀਨ ਦਾ ਇਕ ਵਡਾ ਸ਼ਹਿਰ ਨਾਨਕਿੰਗ ਉਨਾਂ ਦੀ ਓਥੇ ਪ੍ਰਚਾਰ ਫੇਰੀ ਦੀ ਯਾਦ ਵਿਚ ਹੁਣ ਤਕ ਮੌਜੂਦ ਹੈ। ਇਸ ਤੋਂ ਉਪ੍ਰੰਤ ਅਫ਼ਰੀਕਾ, ਨਾਰਵੇ, ਸਵੇਡਨ ਬਗਦਾਦ ਈਰਾਨ ਇਤਿਆਦਿ ਦੇਸ਼ਾਂ ਵਿਚੋਂ ਗੁਰੂ ਨਾਨਕ ਦੀ ਛੁਹ ਦੇ ਸਬੂਤ ਹੁਣ ਪ੍ਰਗਟ ਹੋ ਰਹੇ ਹਨ। ਇੰਜ ਭਾਸਦਾ ਹੈ ਕਿ ਸ੍ਰੀ ਸਤਿਗੁਰੂ ਜੀ ਹਰ ਦੇਸ਼ ਵਿਚ ਨਿਰੰਕਾਰੀ ਮਿਸ਼ਨ ਦਾ ਸੁਨੇਹਾ ਪੁਚਾਉਣ ਲਈ ਗਏ ਹਨ ਪ੍ਰਚਾਰ ਫੇਰੀਆਂ ਲਈ ਹਰ ਦੇਸ਼ ਦੀ ਬੋਲੀ ਦੀ ਵਾਕਫੀ ਹੋਣੀ ਪਹਿਲਾ ਤੇ ਜ਼ਰੂਰੀ ਮੁਢ ਹੈ। ਉਹ ਸਭ ਦੇਸ਼ਾਂ ਵਿਚ ਪ੍ਰਚਾਰ ਕਰਦੇ ਰਹੇ ਇਸ ਤੋਂ ਜ਼ਾਹਰ ਹੈ ਕਿ ਉਨਾ ਨੂੰ ਉਨਾਂ ਸਭ ਦੇਸ਼ਾਂ ਦੀਆਂ ਬੋਲੀਆਂ ਤੇ ਕਮਾਂਡ ਸੀ ਤੇ ਜਿਥੇ ਵੀ ਜਾਂਦੇ ਸਨ ਸੁਤੇ ਸਿਧ ਹੀ ਉਥੋਂ ਦੀ ਬੋਲੀ ਵਿਚ ਹੀ ਸਿਖਿਆ ਦੇਂਦੇ ਸਨ ਤੇ ਹੁਣ ਵੀ ਦੇ ਰਹੇ ਹੋਣਗੇ।

ਇਹ ਸਭ ਕੁਛ ਇਸੇ ਲਈ ਹੈ ਕਿ ਆਪ ਸਰਬ ਕਲਾ ਸਮਰਥ ਅਕਾਲ ਪੁਰਖ ਦਾ ਨਿਜ ਰੂਪ ਹਨ ਜਿਸ ਕਰਕੇ ਸਰਬ ਸ਼ਕਤੀਆਂ ਦੇ ਮਾਲਕ ਹਨ।

ਇਨਾਂ ਸਭ ਕਾਰਨਾਂ ਕਰਕੇ ਹੀ ਇਹ ਬਿਲਕੁਲ ਸਪਸ਼ਟ ਤੇ ਕਿਸੇ ਸ਼ਕ ਸ਼ੰਕੇ ਤੋਂ ਰਹਿਤ ਸਚਾਈ ਹੈ ਕਿ ਸਤਿ ਗੁਰੂਨਾਨਕ ਦੇਵ ਜੀ ਦੇ ਰੂਪ ਵਿਚ, ਕਲਜੁਗੀ ਜੀਵਾਂ ਦੇ ਉਧਾਰ ਲਈ—

ਅਨਤ ਕਲਾ ਹੋਇ ਠਾਕੁਰੁ ਚੜਿਆ ॥



www.AKJ.Org

# ਅਜ ਦਾ ਗੁਰਪੁਰਬ

ਸੰਤ ਗੁਰਮੁਖ ਸਿੰਘ ਜੀ ਪਟਿਆਲਾ ।

ਅਨੰਤ ਵਧਾਈਆ

ਗੁਰਪੁਰਬ ਅਸੀਂ ਮਨਾਂਉਦੇ ਹਾਂ ਮਨਾ ਰਹੇ ਹਾਂ ਤੇ ਮਨਾਉਂਦੇ ਰਹਾਂਗੇ । ਪਰ ਜਿਸ ਗੁਰਪੁਰਬ (ਜਾਂ ਜਿਸ ਗੁਰੂ ਨਾਲ ਜੁਗੋ ਜੁਗ ਅਟਲ ਜਗ ਮਗ ਜੋਤ ਪ੍ਰਤਖ ਤੇ ਪਰਗਟ ਗੁਰੂ ਕੀ ਦੇਹ ਧੰਨ ਗੁਰੂ ਗਰੰਥ ਸਾਹਿਬ ਜੀ) ਨਾਲ ਅਜ ਸਾਡਾ ਸਬੰਧ ਹੈ, ਜਿਸ ਗੁਰੂ ਗ੍ਰੰਥ ਸਾਹਿਬ ਜੀ ਨੇ ਸਚ ਖੰਡ ਦਾ ਦਰਵਾਜ਼ਾ ਖੁਲਾਉਣਾ ਹੈ ਜਿਸ ਨੇ ਸਾਡੀ ਕਲਿਆਣ ਕਰਨੀ ਹੈ ਕੜਾਹ ਪ੍ਰਸ਼ਾਦ ਲੈਣਾ ਹੈ, ਫੁਲ ਪਤਾਸੇ ਲੈਣੇ ਹਨ, ਉਸ ਤੋਂ ਅਸੀਂ ਦੂਰ ਬੈਠੇ ਹਾਂ ।

ਆਓ ਗੁਰੂ ਨਿਵਾਜੀ ਸਾਧ ਸੰਗਤ ! ਲੋੜ ਹੈ ਅਜ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੁੜਨ ਦੀ ਜਿਸ ਵਾਸਤੇ ਦਸ ਗੁਰੂ ਹੀ ਜਤਨ ਕਰਦੇ ਆਏ ਹਨ। ਇਕ ਨੁਕਤਾ ਹੈ ਸਿਖ ਧਰਮ ਨੂੰ ਜੇ ਕਰ ਸਮਝਿਆ ਜਾਵੇ, ਮੈਨੂੰ ਯਕੀਨ ਹੈ ਫਿਰ ਅਸੀਂ ਧੋਖਾ ਨਹੀਂ ਖਾ ਸਕਦੇ ਕਿ ਸਾਡੇ ਦਸੋਂ ਗੁਰੂ ਸਾਹਿਬਾਨ ਆਪ ਨਹੀਂ ਮੂਹਰੇ ਹੋਏ ਆਦ ਤੋਂ ਅੰਤ ਤਕ ਬਾਣੀ ਮੂਹਰੇ ਰਖੀ ਹੈ। ਗੁਰ ਸ਼ਬਦ ਗੁਰਬਾਣੀ ਨਾਲ ਜਗਿਆਸੂ ਦੀ ਕਲਿਆਣ ਕੀਤੀ ਹੈ । ਕੌਡੇ ਰਾਖਸ਼ ਦਾ ਨਿਸਤਾਰਾ ਕੀਤਾ ਹੈ । ਗੁਰੂ ਨਾਨਕ ਨੇ ਤਕ ਕੇ ਹੀ ਨਹੀਂ, ਥਾਪੜਾ ਦੇ ਕੇ ਨਹੀਂ ਗੁਰ ਸ਼ਬਦ ਸਤ ਕਰਤਾਰ ਨਾਲ ਸਜਨ ਠਗ ਨੂੰ ਸਤ ਪੁਰਸ਼ ਬਣਾਇਆ ਹੈ। ਕਮਾਲ ਹੈ, ਬਾਬਾ ਗੁਰੂ ਨਾਨਕ ਦੇਵ ਜੀ ਨੇ ਆਸ਼ੀਰਵਾਦ ਦੇ ਕੇ ਨਹੀਂ, ਦਰਸ਼ਨਾ ਨਾਲ ਹੀ ਨਹੀਂ, ਉਹ ਨੂੰ ਭੀ ਗੁਰ ਸ਼ਬਦ ਦੀ ਟੇਕ ਦੇ ਕੇ ਸਤ ਪੁਰਸ਼ ਬਣਾਇਆ ਹੈ । ਆਓ ਸਿਖ ਆਦਰਸ਼ ਅਨੁਸਾਰ ਜੋ ਮੇਰੇ ਸਤਿਗੁਰੂ ਜੀ ਦਾ ਆਸ਼ਾ ਸੀ ਕਿ ਮਨੁਖ ਨੂੰ ਮਨੁਖੀ ਉਪਾਸ਼ਨਾ ਤੋਂ ਤੋੜਿਆ ਜਾਵੇ। ਬਾਬਾ ਕਹਿੰਦਾ ਸੀ ਲਜਿਆ ਆਉਂਦੀ ਹੈ ਮਨੁਖ ਤੋਂ ਮਨੁਖ ਮੁਕਤੀ ਮੰਗਦਾ ਮਨਖ ਮਨੁਖ ਅਗੇ ਅਰਦਾਸ ਅਰੇ ਤਾਂ ਸ਼ਰਮ ਆਉਂਦੀ ਹੈ। ਮਨਖ ਹੈ ਜਿਸ ਦੀ ਦੇਹ ਮਲ ਮੂਤ੍ਰ ਦੀ ਭਰੀ ਪਈ ਹੈ ਉਸ ਤੋਂ ਉਚਾ ਉਠੇ ਤੇ ਉਸ ਨਾਲ ਜੁੜੇ ਜੋ ਗੁਰ ਅੰਮ੍ਰਿਤ ਭਿਨੀ ਦੇਹੁਰੀ ਹੈ ਓਹ ਅੰਮ੍ਰਿਤ ਭਰੀ ਦੇਹ ਹੈ ਨਿਰਮਲ ਹੀ ਨਿਰਮਲ ਦੇਹ ਹੈ ਪਵਿਤਰ ਹੀ ਪਵਿਤ੍ਰ ਦੇਹ ਹੈ। ਨੂਰੋ ਨੂਰ ਜਗ ਮਗ ਜੋਤ ਧੰਨ ਗੁਰੂ ਗ੍ਰੰਥ ਸਾਹਿਬ ਜੀ ਮੌਜੂਦਾ ਹਾਜ਼ਰਾ ਹਜ਼ੂਰ ਜ਼ਾਹਰਾ ਜ਼ਹੂਰ ਜਿਸ ਦਾ ਅਜ ਗੁਰਪੁਰਬ ਹੈ ।

ਗੁਰਬਾਣੀ ਦਾ ਪਾਠਨ ਗੁਰਬਾਣੀ ਦਾ ਆਧਾਰ ਗੁਰੂ ਕੀਰਤਨ ਗੁਰੂ ਸੰਗੀਤ ਗੁਰਮਤ ਦੇ ਅਸੂਲ ਪਰਚਾਰੀਏ ਪਹਿਲਾਂ ਆਪ ਜੜੀਏ ਤੇ ਜੁੜੀਏ ਤਾਂ ਕਿ ਸਫਲਾ ਹੋਵੇ ਗੁਰਪੁਰਬ ਤੇ ਸਫਲ ਹੋਵੇ ਜੀਵਨ।



www.AKJ.Org

# ਜੋਤ ਤੇ ਜੁਗਤ

************************

( ਗਿਆਨੀ ਨਰਿੰਜਨ ਸਿੰਘ )
ਗੁਰੂ ਨਾਨਕ ਆਸ਼ਰਮ ਪਟਿਆਲਾ

ਸਿਖ ਧਰਮ ਅਤੇ ਜੁਗਤ ਦਾ Combination ) ਸੰਗਮ ਹੈ । ਸਤਿਗੁਰੂ ਜੀ ਨੇ ਨੌਂ ਜਾਮਿਆਂ ਵਿਚ ਏਸੇ ਹੀ ਆਸ਼ੇ ਜਾਂ ਸਿਧਾਂਤ ਦਾ ਪ੍ਰਚਾਰ ਕੀਤਾ ਦਸਵੇਂ ਜਾਮੇ ਵਿਚ ਸਿਖ ਧਰਮ ਨੂੰ ਅੰਤਮ ਸਰੂਪ (Final Shape) ਦਿੰਦੇ ਹਨ ਜੋਤੁ ਗੁਰੂ ਗ੍ਰੰਥ ਵਿਚ ਤੇ ਆਪਣਾ ਸਰੀਰਕ ਸਰੂਪ (Physical form) ਖਾਲਸੇ ਵਿਚ ਅਸਥਾਪਤ ਕੀਤੀ। ਆਪਣਾ ਸਖ਼ਸ਼ੀ-ਰੂਪ ਸਮਾਪਤ ਕਰਕੇ ਸਤਿਗੁਰ ਦੀ ਹੋਂਦ ਸ਼ਬਦ ਗੁਰੂ 'ਜੋਤ' ਅਤੇ ਗੁਰੂ ਪੰਥ ਵਿਚ "ਜੁਗਤ" ਲੀਨ ਕਰ ਦਿਤੀ । ਤੇ ਆਪਣੇ ਮੁਖਾਰ ਬਿੰਦ ਤੋਂ ਅੰਤਮ ਸਮੇਂ ਅੰਤਮ ਵਾਕ ਇਹ ਫੁਰਮਾਏ ।

"ਦੀਦਾਰ ਖਾਲਸੇ ਦਾ ਧਿਆਨ ਮਹਾਂ ਕਾਲ ਦਾ, ਪਰਚਾ ਸ਼ਬਦ ਦਾ'

ਇਸ ਲਈ ਗੁਰਮਤਿ ਫਿਲਾਸਫੀ ਦੇ ਦ੍ਰਿਸ਼ਟੀ ਕੋਨ ਤੋਂ ਜੋਤ ਜੁਗਤ ਦੇ ਰੂਪ ਵਿਚ ਗੁਰੂ ਗ੍ਰੰਥ ਅਤੇ ਗੁਰੂ ਖਾਲਸਾ ਸਤਿਗੁਰੂ ਹਨ ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ

++ ++ ++ ++ ++ ++ ++ ++ ++ ++ ++ ++ ++ ++ ++ ++ ++

ਬੇਦੀ ਹਰਪਾਲ ਸਿੰਘ ਜੀ ਪਟਿਆਲਾ)

ਸ੍ਰੀ ਗੁਰੂ ਗ੍ਰੰਥ ਸਾਹਿਬ, ਪਾਵਨ ਤੇ ਪਵਿਤ੍ਰ ਬਾਣੀਆਂ ਦਾ ਓਹ ਪਾਕ ਸੰਗ੍ਰਹਿ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਆਪਣੇ ਭਿੰਨ ੨ ਸਮਿਆਂ ਵਿਚ ਸਨਮਾਨਿਆ ਹੈ ਦਸਮ ਪਾਤਸ਼ਾਹ ਨੇ ਜੋ ਮਹਤਤਾ ਸ੍ਰੀ ਗੁਰੂ ਗ੍ਰੰਥ ਸਾਰਿਬ ਨੂੰ ਪ੍ਰਦਾਨ ਕੀਤੀ ਹੈ ਓਹ ਅਸਚਰਜਨਕ ਹੈ ਤੇ ਏਸ ਤਰ੍ਹਾਂ ਦਾ ਗੌਰਵ ਹੋਰ ਕਿਸੇ ਭੀ ਧਰਮ ਗਰੰਥ ਨੂੰ ਪਰਾਪਤ ਨਹੀਂ ਹੋ ਸਕਿਆ । ਇਹੋ ਕਾਰਨ ਹੈ ਕਿ ਬੇਦਾਂ, ਪੁਰਾਨਾਂ, ਸ਼ਾਸਤਰਾਂ ਦੀ ਮਹੱਤਤਾ ਗੁਰੂ ਜਿਹੀ ਨਹੀ ਤੇ ਨਾ ਹੀ ਬਾਈਬਲ ਜਾਂ ਕੁਰਾਨ ਨੂੰ ਹਜ਼ਰਤ ਈਸਾ ਜਾਂ ਹਜ਼ਰਤ ਮੁਹਮਦ ਸਾਹਿਬ ਵਰਗੀ ਮਹਤਤਾ ਪ੍ਰਾਪਤ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਂਪੁਰਸ਼ਾਂ ਦੀਆਂ ਬਾਣੀਆਂ ਦਾ ਇਕ ਅਜਿਹਾ ਸੰਗਰਹਿ



www.AKJ.Org

ਹੈ ਜਿਸ ਵਿਚ ਪਿਛਲੇ ੪–੫੦੦ ਵਰ੍ਹਿਆਂ ਤੋਂ ਕਿਸੇ ਤਰ੍ਹਾਂ ਦੀ ਵੀ ਕੋਈ ਤਬਦੀਲੀ ਨਹੀਂ ਹੋ ਸਕੀ ਭਾਵ ੧੪ਵੀ ਸ਼ਤਾਬਦੀ ਤੋਂ ਅਜ ਤੀਕ ਇਸ ਬਾਣੀ ਨੂੰ ਕਿਸੇ ਮਾਨਵੀ ਹੇਰਾਫੇਰੀ ਤੋਂ ਸੁਰਖਿਅਤ ਮੰਨਿਆ ਜਾ ਸਕਦਾ ਹੈ ।

ਅਜ ਦੇ ਜੁਗ ਵਿਚ ਜਦੋਂ ਕਿ ਧਰਮ, ਜਾਤੀ ਮੁਲਕ ਜਾਂ ਵਿਸ਼ਵ ਨੂੰ ਮਿਠਤ ਪਿਆਰ ਤੇ ਮਿਲ ਬਹਿਣ ਦੀ ਅਵਸ਼ਕਤਾ ਹੈ, ਗੁਰੂ ਗਰੰਥ ਸਾਹਿਬ ਤੋਂ ਬਿਨਾਂ ਕਿਸੇ ਪਾਸੋਂ ਭੀ ਸੰਸਾਰ ਸੜਦੇ ਦਾ ਦਾਰੂ ਨਹੀਂ ਲਭ ਸਕਦਾ । ਦਸ ਗੁਰੂ ਸਾਹਿਬਾਨ ਦੀ ਪਵਿਤ੍ਰ ਆਤਮਾ ਦੀ ਮਹਾਨ ਵਿਸ਼ਾਲਤਾ ਦਾ ਅਨਭਵ ਇਸ ਇਕ ਹੀ ਗਲ ਤੋਂ ਹੋ ਸਕਦਾ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਮੁਚੀ ਬਾਣੀ ਵਿਚ ਰਾਮ, ਰਹੀਮ, ਕ੍ਰਿਸ਼ਨ, ਬਿਸ਼ਨ, ਸ਼ਿਵ, ਬ੍ਰਹਮ, ਅੱਲਾ, ਖੁਦਾ ਆਦ ਨਾਵਾਂ ਤੇ ਥਾਵਾਂ ਦੀਆਂ ਸਾਰੀਆਂ ਹਦਬੰਦੀਆਂ ਨੂੰ ਤੋੜ ਕੇ ਮਨੁਖਤਾ ਦੀ ਸਾਂਝ ਨੂੰ ਸਦਾ ਵਾਸਤੇ ਪਕਿਆਂ ਕਰਨ ਦਾ ਨਾਹਰਾ ਲਾਂਦਿਆਂ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਹੋਣ ਦੀ ਸਾਂਝੀਵਾਲਤਾ ਦਾ ਸੰਦੇਸ਼ ਦਿਤਾ ਗਿਆ ਹੈ । ਗੁਰੂ ਬਾਣੀ ਵਿਚ ਹਿੰਦੂਆਂ, ਮੁਸਲਮਾਨਾਂ ਸੁਨੀਆਂ ਸ਼ੀਆ ਊਚਾਂ ਜਾਂ ਨੀਚਾਂ ਦੇ ਟੰਟਿਆਂ ਨੂੰ ਕੋਈ ਥਾਂ ਨਹੀਂ ਇਥੇ ਹਰ ਪ੍ਰਾਂਤ ਹਰ ਜਾਤਿ ਅਤੇ ਹਰ ਧਰਮ ਦੇ ਇਨਸਾਨਾਂ ਨੂੰ ਮਾਣ ਬਖਿਸ਼ਿਆ ਗਿਆ ਹੈ ਤੇ ਹਰ ਇਕ ਦੇ ਸੀਨਿਓਂ ਨਿਕਲੀ ਸਚਿਆਈ ਅਤੇ ਯਥਾਰਥ ਨੂੰ ਸਚ ਮੰਨਣ ਅਤੇ ਉਸ ਉਪਰ ਚਲਣ ਦੀ ਪਰੇਰਨਾ ਦਿਤੀ ਗਈ ਹੈ । ਮਨੁਖੀ ਪੂਜਾ ਦੇ ਦੰਭ ਚੋ ਕਢ ਕੇ ਸ਼ਬਦ ਦੇ ਵਿਗਾਸ ਨਾਲ ਪਰਫੁਲਤ ਹੋਣ ਅਤੇ ਨਦਰੀ ਨਦਰ ਨਿਹਾਲ ਹੋਣ ਦਾ ਸੁਚਾ ਸਚਾ ਮਾਰਗ ਦਰਸਾਇਆ ਗਿਆ ਹੈ । ਆਓ ਅਸੀਂ ਸਾਰੇ ਹੀ 'ਬਾਣੀ ਗੁਰੂ ਗੁਰੂ ਹੈ ਬਾਣੀ; ਵਿਚਿ ਬਾਣੀ ਅੰਮ੍ਰਿਤ ਸਾਰੇ' ਦੇ ਪਾਵਨ ਸਿਧਾਂਤ ਨੂੰ ਸਮਝੀਏ ਤੇ ਸੰਸਾਰ ਨੂੰ ਸਮਝਾਣ ਦੇ ਜਤਨਾਂ ਵਿਚ ਜੁਟ ਜਾਈਏ ।

## ਦੇਹ ਧਾਰੀ ਦੀ ਲੋੜ ਨਹੀਂ

ਅਜ ਦੰਭੀ ਆਤਮਾਵਾਂ ਵਲੋਂ ਥਾਂ ਪਰ ਥਾਂ ਸਿੱਖ ਸੰਗਤਾਂ ਨੂੰ ਧੋਖੇ ਵਿਚ ਪਾਇਆ ਜਾ ਰਿਹਾ ਹੈ, ਤੇ ਕਿਹਾ ਜਾ ਰਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਗਿਆਨ ਦੀ ਪ੍ਰਾਪਤੀ ਮੁਸ਼ਕਲ ਹੈ । ਇਹ ਕੰਮ ਕੇਵਲ ਦੇਹ ਧਾਰੀ ਹੀ ਕਰ ਸਕਦਾ ਹੈ ਕਿਉਂਕਿ ਦੇਹੀ ਨਾਲ ਹੀ ਮਨੁਖ ਗਲ ਬਾਤ ਸਮਝ ਸਕਦਾ ਹੈ ਅਤੇ ਨਾਲ ਹੀ ਕੁਝ ਸਮਝਾ ਸਕਦਾ ਹੈ ਕਿਸੇ ਨੂੰ ਸ਼ਬਦ ਰਾਹੀਂ ਮੁਕਤੀ ਨਹੀਂ ਮਿਲ ਸਕਦੀ । ਇਸ ਦਲੀਲ ਦੇਣ ਵਾਲੇ ਮੂਰਖਾਂ ਤੋਂ ਪੁਛੋ ! ਜੇ ਦੇਹ ਧਾਰੀ ਗੁਰੂ ਚਲਾਣਾ ਕਰ ਜਾਏ ਤਾਂ ਜਗਿਆਸੂ ਨੂੰ ਫਿਰ ਨਵਾਂ ਗੁਰੂ ਧਾਰਨਾ ਪਏਗਾ ? ਤੇ ਨਵੇਂ ਦੇ ਬੀਮਾਰ ਹੋਣ ਜਾਂ ਚਲਾਣਾ ਕਰਨ ਨਾਲ ਮੁੜ ਫਿਰ ਹੋਰ ੨ ਗੁਰੂ ਧਾਰਨ ਕਰਨ ਦੇ ਪ੍ਰਬੰਧ ਕਿਨੀ ਕੁ ਵਾਰ ਮਨੁਖ ਨੂੰ ਕਰਨ ਦੀ ਲੋੜ ਰਹੇਗੀ ? ਇਸਦਾ ਜਵਾਬ ਇਨ੍ਹਾਂ ਮਨ ਮਤੀਆਂ ਪਾਸੋਂ ਮਿਲਣਾ ਮੁਸ਼ਕਲ ਹੈ । ਇਸੇ ਕਾਰਨ ਮਨੁਖ ਪੂਜਾ ਤੋਂ ਜਾਨ ਛੁਡਾ ਕੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦਸ ਗੁਰੂ ਸਾਹਿਬਾਨ ਨੇ ਸਿਖਾਂ ਨੂੰ 'ਸਬਦ ਗੁਰੂ ਸੁਰਤਿ ਧੁਨਿ ਚੇਲਾ' ਦੇ ਲੜ ਲਾਇਆ ਸੀ ਦੂਜੀ ਦਲੀਲ ਉਹ ਇਹ ਪੇਸ਼ ਕਰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਬੋਲ ਨਹੀਂ ਸਕਦਾ । ਕੀ ਸੰਸਾਰ ਦੀ ਹਰ ਵਸਤੂ ਜੋ ਬੋਲਣਾ ਜਾਣਦੀ ਹੈ, ਗੁਰੂ ਸ਼ਕਤੀ ਦੀ ਧਾਰਨੀਕ ਹੈ ? ਜੇ ਨਹੀਂ ! ਤਾਂ ਇਹ ਸ਼ਰਤ ਗੁਰੂ ਗ੍ਰੰਥ ਸਾਹਿਬ ਉਤੇ ਕਿਵੇਂ ਘਟ ਸਕਦੀ ਹੈ ? ਕੀ ਚਿਠੀ ਦੇ ਪੜ੍ਹਨ ਵਾਲਾ ਆਦਮੀ ਕਦੇ ਕਿਸੇ ਦਾ ਪੁਤਰ ਭਾਈ ਜਾਂ ਬਾਪ ਕਹਲਾਇਆ ਹੈ ? ਜੇ ਕੋਈ



www.AKJ.Org

ਸੁਹਾਗਵੰਤੀ ਆਪਣੇ ਪਤੀ ਦੀ ਪਤ੍ਰਕਾ ਨੂੰ ਕਿਸੇ ਪਾਸੋਂ ਸੁਣੇ ਤਾਂ ਚਿਠੀ ਦੇ ਵਾਚਣ ਵਾਲਾ ਮਨੁਖ ਉਸ ਦਾ ਪਤੀ ਅਖਵਾ ਸਕਦਾ ਹੈ ? ਜਾਂ ਕੋਈ ਚਿਠੀ ਪੜ੍ਹਨ ਵਾਲੇ ਨੂੰ ਸੁਹਾਗ ਮੰਨ ਸਕਦੀ ਹੈ ? ਫਿਰ ਗੁਰੂ ਗਰੰਥ ਸਾਹਿਬ ਦੇ ਆਸ਼ੇ ਜਾਂ ਪੱਖ ਨੂੰ ਦਸਣ ਵਾਲਾ ਜਾਂ ਇਸ ਦੇ ਅਦਭੁਤ ਭਾਵਾਂ, ਆਸ਼ਿਆਂ, ਵਿਚਾਰਾਂ ਨੂੰ ਵਰਤਣ ਵਰਤਾਣ ਵਾਲਾ ਜਾਂ ਇਸ ਦੀਆਂ ਡੂੰਘੀਆਂ ਘੁੰਡੀਆਂ ਨੂੰ ਖੋਲ੍ਹਣ ਵਾਲਾ ਆਦਮੀ ਗੁਰੂ ਦੀ ਬਰਾਬਰੀ ਜਾਂ ਤੁਲਨਾ ਕਿਵੇਂ ਕਰ ਸਕਦਾ ਹੈ ? ਜਿਵੇਂ ਕਿ ਅਜ ਪਖੰਡੀਆਂ ਅਤੇ ਡੰਭੀਆਂ ਵਲੋਂ ਹੋ ਰਿਹਾ ਹੈ । ਜਿਸ ਤੋਂ ਕਿ ਸਿਖ ਜਨਤਾ ਨੂੰ ਬਚਣ ਬਚਾਣ ਦੀ ਲੋੜ ਹੈ ।

ਸੰਸਾਰ ਭਰ ਵਿਚ ਕੋਈ ਵੀ ਅਜਿਹੀ ਬਾਣੀ ਨਹੀਂ ਜਿਸ ਵਿਚ ਮਨੁਖ ਮਾਤਰ ਦੇ ਭਲੇ ਦਾ ਸਾਧਨ ਹੋਵੇ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਨਿਰੋਲ ਆਤਮ ਵਿਗਾਸ, ਖੇੜਾ, ਮਿਠਤ ਪਿਆਰ ਅਤੇ ਨਿਰੰਬਧ ਹੋਣ ਦੀ ਭਾਵਨਾ ਹਰ ਪ੍ਰਾਣੀ ਲਈ ਹੈ, ਭਾਵੇਂ ਉਹ ਕਿਸੇ ਵੀ ਜ਼ਾਤ ਪਾਤ ਜਾਂ ਪ੍ਰਾਂਤ ਦਾ ਕਿਉਂ ਨਾ ਹੋਵੇ ।

ਇਸੇ ਲਈ ਬਾਣੀ ਵਿਚ ਸਰਬਤ ਦੇ ਭਲੇ ਦੀ ਜਾਚਨਾ ਕੀਤੀ ਗਈ ਹੈ । 'ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ'' ਤੋਂ ਸਪਸ਼ਟ ਹੈ ਕਿ ਇਸ ਗੁਰਬਾਣੀ ਵਿਚ ਕਿਸੇ ਭੀ ਪਖਪਾਤ ਦਾ ਵਰਨਣ ਨਹੀਂ ਕੀਤਾ ਗਿਆ, ਸਗੋਂ ਨਿਰੋਲ ਮਨੁਖ ਸਮਾਜ ਨੂੰ ਫਰਸ਼ਾਂ ਤੋਂ ਅਰਸ਼ ਤਕ ਪਹੁੰਚਾਣ ਦੇ ਸਾਧਨ ਦਸੇ ਗਏ ਹਨ । ਜਿਸ ਨਾਲ ਕਿ ਜੁਗਾਂ ਜੁਗਾਂ-ਤਰਾਂ ਤੋਂ ਟੁਟੀਆਂ ਆਤਮਾਵਾਂ ਇਕ ਲੜੀ ਵਿਚ ਹੀ ਨਹੀਂ ਪਹੁਚ ਜਾਂਦੀਆਂ, ਸਗੋਂ ਇਕ ਦੂਜੇ ਨੂੰ ਸਮਝਣ ਵਿਚ ਆਪਣੇ ਆਪੇ ਦੇ ਤੱਤ ਦਾ ਹੀ ਹਰ ਥਾਵੇਂ ਵਿਗਾਸ ਸਮਝਦੀਆਂ ਹੋਈਆਂ ਏਨੀ ਚੁੜਿਤਣ ਦੀ ਮੌਜ ਮਾਣਨ ਦੇ ਯੋਗ ਹੋ ਜਾਂਦੀਆਂ ਹਨ ਜਿਸ ਕਰਕੇ ਮਤ ਮਤਾਂਤਰਾਂ ਦੇ ਵਿਤਕਰੇ ਚੁਕੇ ਜਾਂਦੇ ਹਨ, ਜਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ "ਇਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ ।''

ਆਓ ! ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਚਾਨਣ ਨੂੰ ਸਮਝਦਿਆਂ ਡੰਭੀਆਂ ਦੇ ਜਾਲ ਨੂੰ ਤਾਰ ੨ ਕਰਨ ਵਿਚ ਸਹਾਈ ਹੋਈਏ ।

## ਦੇਹੀ ਵਾਲਾ ਹੀ ਗੁਰੂ ਹੈ

ਦੇਹ ਧਾਰੀ ਗੁਰੂਆਂ ਦੇ ਇਸ ਪਖੰਡ ਦਾ ਉਤਰ ਭੀ ਅਸੀਂ ਸੰਖੇਪ ਵਿਚ ਦੇਣਾ ਮੁਨਾਸਬ ਸਮਝਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਸੰਚਾਰ ਦੀ ਮਰਯਾਦਾ ਤੋਰ ਤੇ ਇਕ ਪੁਰਖੀ ਮਹੱਤਤਾ ਅਤੇ ਵਿਸ਼ੇਸ਼ਤਾ ਨੂੰ ਆਪਣੇ ਸਮੇਂ ਵਿਚਕਾਰ ਹੀ ਬੇਕੀਮਤਾ ਤੇ ਬੇ ਲੋੜਵਾਂ ਕਰ ਦਿਤਾ ਸੀ । ਇਸ ਸਿਖ ਸਮਾਜ ਵਿਚ ਵਿਅਕਤੀਗਤ ਮਹਤਵ ਨੂੰ ਥਾਂ ਨਹੀਂ । ਇਥੇ ਪੰਚ ਪਰਵਾਨ ਹੈ ਤੇ ਪੰਚ ਹੀ ਪਰਧਾਨ ਹੈ ਤੇ ਉਹ ਵੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਹੇਠ । ਕੋਈ ਵੀ ਸਰੀਰ ਜਿਵੇਂ ਆਤਮਾ ਤੋਂ ਬਿਨਾਂ ਨਿਕਮਾ ਤੇ ਮਿਰਤਕ ਹੈ ਤਿਵੇਂ ਵਡੀ ਤੋਂ ਵਡੀ ਵਿਅਕਤੀ, ਪੰਚਾਇਤ ਜਾਂ ਜਮਾਇਤ ਸ੍ਰੀ ਗੁਰੂ ਗਰੰਥ ਸਾਹਿਬ ਤੋਂ ਬਿਨਾਂ ਸਨਮਾਨ ਦੇ ਯੋਗ ਨਹੀਂ । ਉਹ ਸਨਮਾਨ ਜੋ ਗੁਰੂ ਦੇ ਸਤਕਾਰ ਵਾਸਤੇ ਲੋੜੀਂਦਾ ਹੈ ।

ਗੁਰੂ ਮਹਾਰਾਜ ਦੀ ਦੇਹੀ ਖਾਲਸੇ ਦੇ ਰੂਪ ਵਿਚ ਤੇ ਗੁਰੂ ਦੀ ਆਤਮਾ ਗੁਰ ਸ਼ਬਦ (ਗੁਰ ਬਾਣੀ-ਸ੍ਰੀ ਗੁਰੂ ਗਰੰਥ ਸਾਹਿਬ) ਦੇ ਰੂਪ ਵਿਚ ਜੁਗੋ ਜੁਗ ਰਹਿਣ ਵਾਲੀ ਅਮਰ ਵਸਤੂ ਹੈ ਜਿਸ ਦਾ ਕਿ ਸਿਖ ਸਨਮਾਨ ਕਰਦੇ ਹਨ । ਦੇਹ ਧਾਰੀ ਗੁਰੂ ਕਿਨਾਂ ਭੀ ਸਿਆਣਾ ਜਾਂ ਗਿਆਨੀ ਕਿਉਂ


www.AKJ.Org

ਨਾ ਹੋਵੇ ਓਹ ਸੀਮਤ ਹੈ ਤੇ ਜਿਸ ਥਾਂ ਤੇ ਰਹਿੰਦਾ ਹੈ ਦੂਜੀਆਂ ਥਾਵਾਂ ਉਸ ਦੇ ਗਿਆਨ, ਸਮਝ ਜਾਂ ਵਿਦਿਆ ਦੇ ਚਾਨਣ ਤੋਂ ਲਾਭ ਨਹੀਂ ਲੈ ਸਕਦੀਆਂ। ਪਰੰਤੂ ਖਾਲਸਾ. ਗੁਰੂ ਦਾ ਸਰੂਪ ਵਿਸ਼ਵ ਵਿਆਪੀ ਹੈ ਤੇ ਗੁਰਬਾਣੀ (ਗੁਰਸ਼ਬਦ) ਦਾ ਆਧਾਰ ਖੰਡਾਂ ਬ੍ਰਹਮੰਡਾਂ ਵਿਚ ਪਸਰਿਆ ਹੋਇਆ ਹੈ ਜਿਸ ਕਰਕੇ ਸਿਖਾਂ ਵਿਚ ਦੇਹਧਾਰੀ ਦੀ ਕੋਈ ਮਹਾਨਤਾ ਨਹੀਂ। ਇਸ ਲਾਸਾਨੀ ਅਸੂਲ ਦੀ ਹੋਂਦ ਪੰਜਾਂ ਪਿਆਰਿਆਂ ਦੇ ਰੂਪ ਵਿਚ ਪਸਰੀ ਦਸਮੇਸ਼ ਦੀ ਪਵਿਤ੍ਰ ਵਿਅਕਤੀ ਖਾਲਸਾ ਸਾਰੇ ਸੰਸਾਰ ਵਿਚ ਹਰ ਥਾਂ ਵਿਆਪਕ ਹੈ ਜਿਸ ਦਾ ਅਮਰ, ਅਟਲ, ਤੇ ਅਚਲ ਵਿਸ਼ਵਾਸ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਾਵਨ ਤੇ ਪਵਿਤ੍ਰ ਦਸ ਗੁਰੂ ਸ਼ਬਦਾਤਮਕ ਜੋਤਿ ਸਤ ਸੱਤਾ ਵਿਚ ਰੋਮ ੨ ਰਮਿਆ ਪਿਆ ਹੈ। ਗੁਰਮਤ ਦੇ ਇਸ ਮਹਾਨ ਪੰਚਾਇਤੀ ਪਵਿਤ੍ਰ ਨੇਮ ਅਤੇ ਮਰਯਾਦਾ ਦੇ ਅਧੀਨ ਸਿਖ ਸਿਖਣੀਆਂ ਨੂੰ ਕਿਸੇ ਇਕ ਅਧ ਟੁਕੜ ਬੋਚ ਮਲ ਮੂਤ ਦੇ ਥੈਲੇ ਵਿਅਕਤੀ ਨੂੰ ਗੁਰੂ ਧਾਰਨ ਕਰਕੇ ਉਪਦੇਸ਼ ਗ੍ਰਹਿਣ ਕਰਨ ਦੀ ਜ਼ਰੂਰਤ ਹੀ ਨਹੀਂ। ਹਾਂ ਭਾਈ, ਭਗਤ, ਸੰਤ, ਗਿਆਨੀ, ਗੁਣੀ ਉਪਦੇਸ਼ਕ, ਮਹਾਂਪੁਰਸ਼, ਸਤ ਪੁਰਸ਼, ਭਲਾਪੁਰਸ਼, ਗਰਸਿਖ ਆਦਿ ਖ਼ਿਤਾਬ ਜਾਂ ਦਰਜਾ ਹਰ ਉਸ ਵਿਅਕਤੀ ਨੂੰ ਪ੍ਰਧਾਨ ਕੀਤਾ ਜਾ ਸਕਦਾ ਹੈ ਤੇ ਉਸਦੇ ਉਪਦੇਸ਼ਾਂ ਤੋਂ ਆਤਮ ਵਿਗਾਸ ਪ੍ਰਾਪਤ ਕਰਨ ਦੇ ਲਾਭ ਲਏ ਜਾ ਸਕਦੇ ਹਨ ਜਿਨ੍ਹਾਂ ਦਾ ਗੁਰਮਤ ਦੇ ਉਕਤ ਅਸੂਲ ਉਪਰ ਨਿਸਚਾ ਹੈ ਨਹੀਂ ਤਾਂ ਵਡੀ ਤੋ ਵਡੀ ਵਿਅਕਤੀ ਭੀ ਕਿਉਂ ਨਾ ਹੋਵੇ ਗੁਰ ਸਿਖਾਂ ਵਿਚ ਗੁਰੂ ਨਹੀਂ ਅਖਵਾ ਸਕਦਾ ਸਗੋਂ ਅਜਿਹੀ ਹੰਕਾਰੀ ਆਤਮਾ ਨੂੰ ਸਿਖ ਸਮਝਣਾ ਵੀ ਮਹਾਨ ਪਾਪ ਹੈ।

## ਕੀਰਤਨ ਸਮਾਗਮ

ਪਿੰਡ ਚਕਬਖਤੂ, ਬਰਾਸਤਾ ਭੁਚੋ ਮੰਡੀ ਜ਼ਿਲਾ ਬਠਿੰਡਾ ਵਿਖੇ ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ੧੨–੧੩ ਨਵੰਬਰ ੧੯੬੬ ਨੂੰ ਅਖੰਡ ਕੀਰਤਨ ਸਮਾਗਮ ਹੋ ਰਿਹਾ ਹੈ। ਸੋ ਆਪ ਆਪਣੇ ਸੰਗੀ ਸਾਥੀਆਂ ਸਮੇਤ ਪੁਜ ਕੇ ਲਾਹੇ ਭੁੰਚੋ।

ਪ੍ਰੋਗਰਾਮ

੧੨–੧੧–੧੯੬੬ ਨੂੰ ਅੰਮ੍ਰਿਤ ਵੇਲੇ ਕੀਰਤਨ ਆਸਾ ਜੀ ਦੀ ਵਾਰ ੬ ਵਜੇ ਤੋਂ ੧੨ ਵਜੇ ਤਕ।

੧੨–੧੧–੧੯੬੬ ਨੂੰ ਕੀਰਤਨ ਰੈਣ ਸਬਾਈ ਰਾਤ ਦੇ ੮ ਵਜੇ ਅਰੰਭ ਹੋ ਕੇ ੧੩–੧੧–੧੯੬੬ ਨੂੰ ਸਵੇਰੇ ੭ ਵਜੇ ਤਕ।

ਨੋਟ–ਪਿੰਡ ਚਕ ਬਖਤੂ ਬਠਿੰਡਾ ਧੂਰੀ ਲਾਈਨ ਤੇ ਸਟੇਸ਼ਨ ਭੁਚੋ ਮੰਡੀ ਤੋਂ ਕੇਵਲ ਦੋ ਮੀਲ ਹੈ

ਪੁਛ ਗਿਛ ਲਈ
ਭਾ. ਵਧਾਵਾ ਸਿੰਘ ਪਿੰਡ ਤੇਡਾਕਘਰ ਚਕਬਖਤੂ
ਬਰਾਸਤਾ ਭੁਚੋ ਮੰਡੀ ਜ਼ਿਲਾ ਬਠਿੰਡਾ।



www.AKJ.Org

# ਸਿਮਰਨ ਦਾਤਾ ਸਤਿਗੁਰੂ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਅਕਤੂਬਰ ਦਾ ਪਰਚਾ)

੨

ਤਾਂਤੇ ਗੁਰਬਾਣੀ ਦੀ ਕਸਉਟੀ ਅਨੁਸਾਰ ਪੁਰਖ ਦੀਆਂ ਏਹ ਨਿਸ਼ਾਨੀਆਂ ਹਨ–(੧) ਸਤਿਗੁਰੂ ਪੁਰਖ ਇਕੋ ਸਮੇਂ ਵਿਖੇ ਇਕੋ ਹੀ ਹੋ ਸਕਦਾ ਹੈ। (੨) ਸੋਈ ਹੋ ਸਕਦਾ ਹੈ ਜਿਸ ਨੂੰ ਅਕਾਲ ਪੁਰਖ ਵਲੋਂ ਗੁਰਿਆਈ ਦਾ ਟਿਕਾ ਮਿਲਿਆ। (੩) ਜੋ ਜੋਤਿ, ਜੁਗਤਿ ਕਰਤੇ ਜੋਤੀਯ ਸਰੂਪ ਨਾਲ ਇਕ ਮਿਕ ਹੋਵੇ। (੪) ਜੋ ਗੁਰ ਸ਼ਬਦ ਹੱਟ ਦਾ ਸੱਚਾ ਸ਼ਾਹ ਹੋਵੇ। (੫) ਜੋ ਗੁਰਮੰਤ੍ਰ ਨਾਮ ਸਿਮਰਨ ਰੂਪੀ ਸੱਚੀ ਵਥ ਦਾ ਸੱਚਾ ਦਾਤਾਰ ਹੋਵੇ, (੬) ਜਿਸ ਦਾ ਅਹਿਨਿਸ ਲਿਵ ਧਿਆਨ ਧੇਯ ਪਰਮਾਤਮਾ ਪਰਮੇਸ਼ਰ ਵਾਹਿਗੁਰੂ ਅਕਾਲ ਪੁਰਖ ਵਿਖੇ ਜੁੜਿਆ ਰਹੇ। (੭) ਜਿਸ ਨੇ ਪੰਜੇ ਦੂਤ ਕਾਮ ਕ੍ਰੋਧ, ਲੋਭ, ਮੋਹ ਤੇ ਅਹੰਕਾਰ ਵਸ ਕਰਕੇ ਛਿੱਕੇ ਤੇ ਬਨ੍ਹ ਲਏ ਹੋਣ। (੮) ਜਿਸ ਨੂੰ

**"ਧੁਰ ਕੀ ਬਾਣੀ ਆਈ"**

ਉਚਾਰਨ ਦੀ ਸਮੱਰਥਾ ਹੋਵੇ। ਇਨ੍ਹਾਂ ਸਿਫਤਾਂ ਵਾਲਾ ਸਤਿਗੁਰੂ ਹੋ ਸਕਦਾ ਹੈ, ਹੋਰ ਜਣਾ ਖਣਾ ਥੋੜੇ ਹੋ ਸਕਦਾ ਹੈ? ਇਥੇ ਅਜ ਕੱਲ੍ਹ ਇਟ ਚੁਕੋ ਤਾਂ ਗੁਰੂ ਉਤਪੰਨ ਹੋ ਜਾਂਦਾ ਹੈ। ਓਹ ਆਪੇ ਹੀ ਗੁਰੂ ਬਣ ਬਣ ਬਹਿੰਦੇ ਹਨ, ਨਾ ਕਿਸੇ ਦੇ ਥਾਪੇ, ਨਾ ਗੁਰੂ ਸਤਿਗੁਰ ਅਕਾਲ ਪੁਰਖ ਦੇ ਟਿੱਕੇ, ਨਾ ਗੁਰੂ ਕਰਤਾਰ ਦੇ ਦਰਗਾਹੀ ਦਰਬਾਰ ਵਲੋਂ ਥਾਪੇ ਗਏ। ਇਕੋ ਸਮੇਂ ਅੰਦਰ ਹੀ ਅਨੇਕ ਗੁਰੂ ਗੱਦੀਆਂ ਚੱਲੀਆਂ ਹੋਈਆਂ ਹਨ। ਬੱਸ ਹਰ ਕੋਈ ਕੰਨਾਂ ਵਿਚ ਮੰਤ੍ਰ ਫੂਕ ਕੇ ਇਕ ਇਕੱਲਾ ਹੀ ਆਪੋ ਆਪਣੇ ਥਾਉਂ ਗੁਰੂ ਬਣ ਬਹਿੰਦਾ ਹੈ। ਗੁਰੂਓਂ ਘਟ ਕੋਈ ਸਦਾਉਣਾ ਹੀ ਨਹੀਂ ਚਾਹੁੰਦਾ। ਨਿਰੰਕਾਰੀਆਂ ਦਾ ਗੁਰੂ ਅਲੱਗ, ਨਾਮਧਾਰੀਆਂ ਦਾ ਗੁਰੂ ਅਲੱਗ, ਰਾਧਾ ਸੁਆਮੀਆਂ ਦਾ ਗੁਰੂ ਅਲੱਗ, ਗਹਿਰ ਗੰਭੀਰੀਆਂ ਦਾ ਗੁਰੂ ਅਲੱਗ, ਇਤਿ ਆਦਿ ਥਾਉਂ ਥਾਈਂ ਗੁਰ ਪ੍ਰਣਾਲੀਆਂ ਚਲੀਆਂ ਹੋਈਆਂ ਹਨ। ਜ਼ਰਾ ਕ ਭੀ ਕਿਸੇ ਦੀ ਸੰਤਗੀਰੀ ਪ੍ਰਸਿਧ ਹੋਈ, ਓਹੋ ਹੀ ਗੁਰੂ ਕਹਾਵਣ ਲਗ ਪਿਆ। ਜੇ ਕਿਸੇ ਸੰਤ ਡੰਮ੍ਹੀ ਡਿੰਭੀ ਗੁਰੂ ਨੂੰ ਆਖੋ ਕਿ ਤੁਸੀਂ ਗੁਰੂ ਕਿਉਂ ਸਦਾਉਂਦੇ ਹੋ ਤਾਂ ਅਗੋਂ ਉਹ ਇਹ ਤੁਕ ਪੜ੍ਹ ਕੇ ਸੁਣਾ ਦਿੰਦੇ ਹਨ।

**"ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ"॥**

ਆਪਣੇ ਜਾਣੇ ਉਹ ਆਪਣੇ ਆਪ ਉਤੇ ਏਹ ਅਵਸਥਾ ਘਟਾਉਂਦੇ ਹਨ ਕਿ ਉਨ੍ਹਾਂ ਨੇ ਸਤਿ ਪੁਰਖ ਨੂੰ ਜਾਣ ਲਿਆ ਹੋਇਆ ਹੈ, ਪਰੰਤੂ



www.AKJ.Org

ਸਤਿਪੁਰਖ ਨੂੰ ਵਾਸਤਵ ਵਿਚ ਜਾਣ ਲੈਣ ਵਾਲੇ ਅਪ੍ਰੋਕਤ ਗਿਆਨ ਦੀ ਅਵਸਥਾ (ਮੰਜ਼ਲ) ਬੜੀ ਉਚੀ ਹੈ ਅਤੇ ਜਿਹੜਾ ਭੀ ਆਪਣੇ ਉਤੇ ਇਹ ਅਵਸਥਾ ਘਟਾਉਂਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਸਤਿਗੁਰ ਜਾਣ ਲਿਆ ਹੈ ਉਹ ਅਸਲ ਵਿਚ ਅਜਾਣ ਹੈ। ਯਥਾ ਗੁਰਵਾਕ:-

**"ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ।"**

ਸਤਪੁਰਖ ਨੂੰ ਤੱਤ ਗਿਆਨ ਅਵਸਥਾ ਵਾਲੇ ਜਾਨਣਹਾਰ ਤੱਤ ਗਿਆਨੀ ਦਰ ਅਸਲ ਸਤਿਗੁਰੂ ਹੀ ਹਨ। ਸਤਿਪੁਰਖ ਦੀ ਹੋਂਦ ਦਾ ਅਨੁਮਾਨ ਮਾਤਰ ਗਿਆਨ, ਕਿਆਸੀ ਹੋਣਾ ਹੋਰ ਚੀਜ਼ ਹੈ ਅਤੇ ਸਾਂਗੋ ਪਾਂਗ ਸਾਪੇਖਸ਼ ਗਿਆਨ ਹੋਣਾ ਹੋਰ ਚੀਜ਼ ਹੈ। ਸਤਿਗੁਰ ਦੀ ਬਾਣੀ ਦੇ ਬਖ਼ਸ਼ੇ ਗਿਆਨ ਦੁਆਰਾ ਸਤਿਪੁਰਖ ਨੂੰ ਜਾਣ ਲੈਣਾ, ਅਨੁਮਾਨਕ ਗਿਆਨ ਤੋਂ ਉਚੇਰੀ ਚੀਜ਼ ਹੈ। ਪਰੰਤੂ ਇਸ ਨਿਸਚੇ ਮਾਤਰ ਸਤਿਗੁਰ ਬਾਣੀ ਦੇ ਦ੍ਰਿੜਾਏ ਗਿਆਨ ਨਾਲੋਂ ਸਤਿਗੁਰੂ ਦੀ ਬਾਣੀ ਦੇ ਹੁਕਮਾਂ ਅੰਦਰ ਕਮਾਈ ਨਾਮ ਅਭਿਆਸ ਕਰਨੀ ਦੁਆਰਾ ਅਤੰਰ ਆਤਮੇ ਪ੍ਰਕਾਸ਼ ਹੋਇਆ, ਜੋਤਿ, ਵਿਗਿਆਤੀ ਤੱਤ ਗੁਰਮਤਿ ਗਿਆਨ ਏਸ ਤੋਂ ਵੀ ਵਿਲੱਖਣ ਦਿੱਬ ਵਸਤੂ ਹੈ।

**ਜੋਤਿ ਪ੍ਰਤਿ ਬਿੰਬਤੀ ਗਿਆਨ ਪਦਾਰਥ ਨਾਮ** ਦੀਆਂ ਅਗਾਧ ਕਮਾਈਆਂ ਦੁਆਰਾ ਵਿਲੱਖਤ ਹੋਇਆ ਸਤਿ-ਪੁਰਖ ਦਾ ਜਾਨਣਾ ਇਕ ਅਕਹ ਨੂਰ ਨਿਰਾਲਮੀ ਚਾਨਣਾ ਹੀ ਚਾਨਣਾ ਹੈ ਜੋ ਅੰਤਰੋਂ ਉਗਵ ਕੇ ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਨੂਰ (ਨੂਰ ਅਫ਼ਸ਼ਾਂ) ਹੋਇਆ ਕੇਵਲ ਕਮਾਈਆਂ ਵਾਲੇ ਗੁਰਮਤਿ ਨਾਮ ਅਭਿਆਸੀ ਨੂੰ ਨਜ਼ਰੀਂ ਆਉਂਦਾ ਹੈ। ਪਰੰਤੂ ਸਭ ਤੋਂ ਉਪਰ ਅਥਾਹ ਨੂਰ ਗਿਆਨ ਦਾ ਸਹਿਜ ਸਰਸ਼ਾਰੀ ਵਿਕਾਸ ਜੋ ਸਦਾ ਸਦਾ ਅਤੇ ਸਰਬਦਾ ਪ੍ਰਾਪਤ ਹੈ ਤਾਂ ਕੇਵਲ ਸਤਿਗੁਰ ਨੂੰ ਹੀ ਪ੍ਰਾਪਤ ਹੈ। ਤਾਂ ਤੇ **"ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ"** ਵਾਲੀ ਗੁਰਵਾਕ ਪੰਗਤੀ ਅੰਦਰ ਸਤਿਪੁਰਖ ਦਾ ਜਾਨਣਾ ਉਪਰਲੀ ਅਰਥ ਵਿਵਸਥਾ ਵਿਚ ਹੀ ਤਤ ਨਿਰਣਤ ਹੈ। ਐਸਾ ਜਾਨਣਾ ਸਤਿਪੁਰਖ ਦਾ, ਕੇਵਲ ਸਤਿਗੁਰੂ ਨੂੰ ਹੀ ਸੁਤੇ ਪ੍ਰਾਪਤ ਹੈ। ਹਰ ਇਕ ਗੁਰਮੁਖ ਸਿਖ ਜਗਿਆਸੂ ਨੂੰ ਨਹੀਂ। ਜਿਨ੍ਹਾਂ ਗੁਰਮੁਖਾਂ ਨੂੰ ਗੁਰਮਿਤ ਬ੍ਰਹਿਮ ਗਿਆਨੀ ਦੀ ਪਦਵੀ ਭੀ ਪ੍ਰਾਪਤ ਹੋ ਗਈ ਹੈ ਸੋ ਭੀ ਸਤਿਗੁਰੂ ਨਹੀਂ ਸਦਾ ਸਕਦੇ, ਕਿਉਂਕਿ ਸਤਿਗੁਰੂ ਬਨਣ ਦੀਆਂ ਦੂਜੀਆਂ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ। ਗੁਰਿਆਈ ਦਾ ਟਿਕਾ ਤਾਂ ਇਕ ਨੂੰ ਹੀ ਮਿਲੇਗਾ। ਭਾਵੇਂ ਗੁਰੂ ਘਰ ਵਿਖੇ ਅਨੇਕਾਂ ਹੀ ਗੁਰਮੁਖ ਬ੍ਰਹਿਮ ਗਿਆਨੀ ਵਿਦਵਾਨ ਹੋਣ। ਸਿਮਰਨ ਦਾਤਾ, ਗੁਰਮੰਤ੍ਰ ਦੀਖਿਆ ਦਾ ਤੱਤ ਵਿਖ਼ਿਆਤਾ ਕੇਵਲ ਸਤਿਗੁਰੂ ਹੀ ਹੈ, ਹੋਰ ਕੋਈ ਨਹੀਂ।

**"ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥"**

ਵਾਲੀ ਗੁਰਵਾਕ ਪੰਗਤੀ ਵਿਚ ਹੀ

**'ਪੰਜੇ ਦੂਤ ਕੀਤੇ ਵਸਿ ਛਿਕੇ'** ਦੇ ਭਾਵ ਬਾਣੀ ਤਤ ਗੁਰਮੁਖਿ ਸਿਖਰ ਧ੍ਰਜੀ ਉਚਿਆਈ ਵਾਲੀ ਅਵਸਥਾ ਕੇਵਲ ਸਤਿਗੁਰ ਪੁਰਖ ਪ੍ਰਥਾਇ ਹੀ ਘਟਦੀ ਹੈ। ਕਾਮ, ਕ੍ਰੋਧ,



www.AKJ.Org

ਲੋਭ, ਮੋਹ ਅਤੇ ਅਹੰਕਾਰ ਦਾ ਉਚਾ ਅਭਾਵ ਕੇਵਲ ਸਤਿਗੁਰ ਪੁਰਖ ਦੇ ਕੰਚਨ ਵੰਨੇ ਸ੍ਰੇਸ਼ਟ ਸੁਭਾਵ ਦੀ ਅਲੌਕਿਕਤਾਈ ਪ੍ਰਥਾਇ ਹੀ ਬਣਿਆ ਹੁੰਦਾ ਹੈ। ਪੰਜ ਦੂਤਾਂ ਨੂੰ ਛਿੱਕੇ ਟੰਗਣੀ ਵਸੀ ਕਰਨ ਸਮਰੱਥਾ ਕੇਵਲ ਸਤਿ ਪੁਰਖ ਦੀ ਸਿਸ਼ਤ ਅੰਦਰਿ ਹੈ। ਪੰਜਾਂ ਦੂਤਾਂ ਦੀ ਮੁਹਕਮ ਫ਼ੌਜ ਹਠੀਲੀ ਨੂੰ ਦਲਣ ਵਾਲਾ ਬਲੀ ਪੁਰਖ ਕੇਵਲ ਸਤਿਗੁਰੂ ਹੀ ਹੈ। ਜਣਾ ਖਣਾਂ ਥੋੜ੍ਹਾ ਏਹਨਾਂ ਪੰਜ ਦੂਤਾਂ ਨੂੰ ਵਸਿ ਕਰ ਛਿੱਕੇ ਤੋਂ ਟੰਗ ਸਕਦਾ ਹੈ ? ਜਿਨ੍ਹਾਂ ਨੂੰ ਫੁਰਨੇ ਮਾਤਰ ਵਿਚ ਭੀ, ਸੁਪਨ ਸਾਰਖਾ ਭੀ ਇਹਨਾਂ ਪੰਜਾਂ ਦੂਤਾਂ ਦਾ ਲੇਸ ਨਾ ਲੱਗੇ ਉਨ੍ਹਾਂ ਪ੍ਰਥਾਏ ਹੀ,

**"ਪੰਜੇ ਦੂਤ ਕੀਤੇ ਵਸਿ ਛਿਕੇ"**

ਵਾਲੀ ਖਿਵਸਥਾ ਦੀ ਘਟਨਾ ਘਟ ਸਕਦੀ ਹੈ, ਪਰ ਐਸੇ ਗੁਰਮੁਖ ਬ੍ਰਹਿਮ ਗਿਆਨੀ ਬਹੁਤ ਵਿਰਲੇ ਥੋੜ੍ਹੇ ਹਨ।

ਜਿਨ੍ਹਾਂ ਅੰਦਰ ਸੂਖਸ਼ਮ ਤੋਂ ਸੂਖਸ਼ਮ ਅਹੰਕਾਰ ਦੀ ਕਣੀ ਨਾ ਹੋਵੇ, ਜਿਨ੍ਹਾਂ ਅੰਦਰ ਰਾਈ ਮਾਤਰ ਕਾਮ ਕ੍ਰੋਧ ਦੀ ਕਣੀ ਨਾ ਹੋਵੇ, ਜਿਨ੍ਹਾਂ ਅੰਦਰ ਮੁਸ਼ਕ ਮਾਤਰ ਭੀ ਲੋਭ ਮੋਹ ਦੀ ਅੰਸ ਨਾ ਹੋਵੇ, ਓਹ ਐਸੇ ਸਰਬੱਗ ਸਰਬੋਤਮ ਜਨ ਕੇਵਲ ਸਤਿ ਪੁਰਖ ਹੀ ਹਨ। ਅਲਪੱਗ ਜੀਵ ਸਤਿਗੁਰ ਪੁਰਖ ਦੀ ਏਸ ਅਵਸਥਾ ਦੀ ਰੀਸ ਹਰਗਿਜ਼ ਨਹੀਂ ਕਰ ਸਕਦੇ। ਗੁਰਸਿੱਖਾਂ, ਗੁਰਮੁਖਾਂ ਜਨਾਂ ਦੀ ਉਚ ਦ੍ਰਿਸ਼ਟ ਕਰਨੀ ਤਾਂ ਏਹੋ ਹੀ ਹੈ ਕਿ

**ਗੁਰ ਕਹਿਆ ਸੋ ਕਾਰ ਕਮਾਵਨ ਅਤੇ ਗੁਰ ਦੀ ਕਰਨੀ ਕਦੇ ਨਾ ਧਾਵਨ।** ਯਥਾ ਗੁਰਵਾਕ –**'ਗੁਰਿ ਕਹਿਆ ਸਾ ਕਾਰ ਕਮਾਵਹੁ ਗੁਰ ਕੀ ਕਰਣੀ ਕਾਹੇ ਧਾਵਹੁ।'**

ਸਿਮਰਨ ਭਜਨ ਨਾਮ ਅਭਿਆਸ ਦੀ ਕਮਾਈ ਕਰਨ, ਨਾ ਕਿ ਸਿਮਰਨ ਦੇ ਦਾਤੇ ਬਣਨ ਸਿਮਰਨ ਦਾ ਦਾਤਾ ਤਾਂ ਸਿਰਫ਼ ਸਤਿ ਪੁਰਖ ਸਤਿਗੁਰੂ ਹੀ ਹੈ। ਸਿੱਖ ਜਗਿਆਸੂ ਕੋਈ ਭੀ ਸਿਮਰਨ ਦਾ ਦਾਤਾ ਨਹੀਂ ਹੋ ਸਕਦਾ ਭਾਵੇਂ ਕਿਤਨੀ ਹੀ ਉਚ ਕਰਨੀ ਵਾਲਾ ਗੁਰਮੁਖ ਬ੍ਰਹਿਮ ਗਿਆਨੀ ਕਿਉਂ ਨਾ ਹੋਏ। ਸਤਿਗੁਰ ਦਾਤਾਰੀ ਤ੍ਰੁੱਠ ਕੇ ਐਸਾ ਪਸਾਉ (ਪ੍ਰਸਾਦ) ਕਰ ਸਕਦਾ ਹੈ ਜਿਸ ਤੋਂ ਕਿ ਸਿਖ ਜਗਿਆਸੂ ਨੂੰ ਨਾਮ ਦੀ ਦਾਤ, ਸਿਮਰਨ ਦੀ ਦਾਤ ਪ੍ਰਪਤ ਹੋ ਸਕੇ। ਗੁਰ ਪ੍ਰਸਾਦੀਂ ਹੀ ਨਾਮ ਜਪੁ ਨਾਮ ਸਿਮਰਨ ਪ੍ਰਾਪਤ ਹੁੰਦਾ ਹੈ

**"ਗੁਰ ਪ੍ਰਸਾਦਿ ਜਪੁ"**

ਦਾ ਹੁਕਮ ਅਟੱਲ ਹੈ। ਗੁਰਵਾਕ:–

**"ਸਤਿਗੁਰੁ ਦਾਤਾ ਆਖੀਐ**
**ਤੁਸਿ ਕਰੇ ਪਸਾਓ ॥**
**ਹਉ ਗੁਰ ਵਿਟਹੁ ਸਦ ਵਾਰਿਆ**
**ਜਿਨਿ ਦਿਤੜਾ ਨਾਓ ॥**

ਸ਼ਬਦ–ਸਿਮਰਨ ਦੀ ਸੋਝੀ ਸਤਿਗੁਰੂ ਤੋਂ ਹੀ ਪੈ ਸਕਦੀ ਹੈ।

**ਸਤਿਗੁਰੂ ਦਾਤਾ ਸਬਦੁ ਸੁਨਾਏ**

ਤਾਂ ਸਿਮਰਨ ਦ੍ਰਿੜ ਹੋਵੇ ਅਤੇ "ਧਾਵਤੁ ਮਨੂਆ ਆਵੈ ਠਾਇ ॥" ਯਥਾ ਗੁਰਵਾਕ:–

**ਸਤਿਗੁਰੁ ਦਾਤਾ ਸਬਦੁ ਸੁਣਾਏ**
**ਧਾਵਤੁ ਰਾਖੈ ਠਾਕਿ ਰਹਾਏ ॥**
**ਪੂਰੇ ਗੁਰ ਤੇ ਸੋਝੀ ਪਾਏ ॥੭॥**



www.AKJ.Org

(ਵਾਰ ਗਉੜੀ ਮਹਲਾ ੩)ਕੇਵਲ ਸਤਿਗੁਰੂ ਤੋਂ ਹੀ ਸਿਮਰਨ ਦੀ ਦਾਤ ਪ੍ਰਾਪਤ ਕਰੇ। ਜਗਿਆਸੂ ਜਨ ਦਾ ਮਨ ਏਧਰੋਂ ਓਧਰੋਂ ਭਟਕਣੋਂ ਵਰਜ ਕੇ ਰੱਖਿਆ ਜਾ ਸਕਦਾ ਹੈ ਅਤੇ ਠਾਕ ਠਹਿਰਾਇਆ ਜਾ ਸਕਦਾ ਹੈ, ਐਵੇਂ ਨਹੀ ਤਾਹੀਂ ਤੇ ਨਾਮ ਦੀ ਖੁਲ੍ਹੀ ਖੇਡ ਫਲੀ ਭੂਤ ਨਹੀਂ ਹੁੰਦੀ, ਐਵੇਂ ਆਵਾਗਉਣ ਹੀ ਹਨ। ਜੇ ਕੋਈ ਜਨ ਕੁਛ ਰੰਗ ਦਿਖਾ ਭੀ ਦੇਵੇ ਤਾਂ ਸਿਰੇ ਤੋੜ ਨਹੀਂ ਚੜ੍ਹਦਾ। ਤਾਹੀਂ ਤੇ ਸਫ਼ਲ ਫਲਾਵਣਹਾਰੇ ਨਾਮ ਦਾ ਦਾਤਾ ਹੈ ਤਾਂ ਕੇਵਲ ਸਤਿਗੁਰ ਹੀ ਹੈ। ਐਸਾ ਸਤਿਗੁਰ ਧੁਰ ਦਰਗਾਹੋਂ ਭੇਜਿਆ ਹੋਇਆ ਅਕਾਲ ਪੁਰਖ ਵੱਲੋਂ ਪਠਾਇਆ ਹੋਇਆ ਮਹਾਂ ਪੁਰਖੁ ਸਤਿ ਪੁਰਖ ਹੀ ਹੋ ਸਕਦਾ ਹੈ, ਜਿਸ ਦੀ ਟਕਸਾਲ ਤੋਂ ਨਿਕਲਿਆ ਸਬਦ ਸੁਰਤਿ ਸਿਮਰਣੀ ਸਿੱਕਾ ਸਾਣ ਚੜ੍ਹੇ ਤੀਰ ਦੀ ਨਿਆਈਂ ਨਿਸ਼ਨੇ ਘਾਉ ਕਰਦਾ ਹੈ। ਐਸੇ ਸਤਿਗੁਰੂ ਦਾਤੇ ਦਾ ਮੇਲ ਸੰਜੋਗਾਂ ਨਾਲ ਹੀ ਵਾਹਿਗੁਰੂ ਦੇ ਪ੍ਰਸ਼ਾਦ ਕਰ ਹੁੰਦਾ ਹੈ।

(ਚਲਦਾ)

## ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ

ਏਹ ਟਰੈਕਟ ਦਾ ਖਰੜਾ ਪ੍ਰੈਸ ਨੂੰ ਦੇ ਦਿਤਾ ਗਿਆ ਹੈ ਤ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਤਕ ਬਿਲਕੁਲ ਤਿਆਰ ਹੋ ਜਾਵੇਗਾ ਤੇ ਜਿਨ੍ਹਾਂ ਵੀਰਾਂ ਨੇ ਇਹ ਟਰੈਕਟ ਮੰਗਵਾਨਾਂ ਹੋਵੇ ਓਹ ਛੇਤੀ ਹੀ ਜਿਨੀਆਂ ਕਾਪੀਆਂ ਟਰੈਕਟ ਦੀਆਂ ਮੰਗਵਾਨੀਆਂ ਹੋਣ ਲਿਖ ਭੇਜਣ। ਇਸ ਟਰੈਕਟ ਦੀ ਭੇਟਾ ੨੫ ਰੁਪਏ ਸੈਂਕੜਾ ਹੈ ਇਸ ਵਾਰੀ ਅਸੀ ਸੰਗਤਾਂ ਤੋਂ ਖਿਮਾਂ ਮੰਗਦੇ ਹਾਂ ਕਿ 'ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ, ਦੀ ਕਿਸ਼ਤ ਨਹੀ ਦੇ ਰਹੇ।

ਮਨੇਜਰ ਸੂਰਾ

## ਨਾਮ ਸਬੰਧੀ ਵਿਚਾਰ

ਲਿਖਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਏਹ ਪੁਸਤਕ ਨਵੀਂ ਛਪੀ ਹੇ ਤੇ ਸਾਡੇ ਪਾਸ ਪੁਜ ਚੁਕੀ ਹੈ। ਇਸ ਪੁਸਤਕ ਨੂੰ ਜਿਸ ਵੀਰ ਨੇ ਮੰਗਵਾਣਾ ਹੋਵੇ ਮੰਗਵਾ ਸਕਦੇ ਹੋ ਭੇਟਾ ੫੦ ਪੈਸੇ ਡਾਕ ਖਰਚ ਵਖਰਾ।

(ਭਾਈ ਸਾਹਿਬ ਦੀ ਏਹ ਪੁਸਤਕ ਤੇ ਹੋਰ ਪੁਸਤਕਾਂ ਮੰਗਵਾਨ ਦਾ ਪਤਾ)

ਅਖੰਡ ਕੀਰਤਨੀ ਜੱਥਾ

੫੯੪/੩ ਖਾਲਸਾ ਮਹਲਾ ਪਟਿਆਲਾ—੩



www.AKJ.Org

# ਡਿੱਠੇ ਸੁਣੇ ਤੇ ਹਢੀਂ ਵਾਪਰੇ ਬ੍ਰਿਤਾਂਤ

(ਭਾਈ ਸੁਰਜਨ ਸਿੰਘ ਜੀ ਗੁਜਰਵਾਲ)

(ਲੜੀ ਜੋੜਨ ਲਈ ਵੇਖੋ ਅਕਤੂਬਰ ਦਾ ਪਰਚਾ)

(ਭਗੌੜੇ ਹੋਣ ਦੀ ਵਿਥਿਆ)

੮

ਓਸ ਪੁਲਸੀਏ ਨੂੰ ਮੇਰੇ ਤੇ ਪੂਰਾ ਸ਼ੱਕ ਪੈ ਗਿਆ, ਇਹ ਕੋਈ ਚੋਰ ਸੀ ਜਿਹੜਾ ਭਜ ਗਿਆ ਹੈ, ਇਨ੍ਹਾਂ ਨੂੰ ਤਾਂ ਇਕ ਇਕ ਰੁਪਈਆ ਲੈ ਕੇ ਛੱਡ ਦਿਤਾ ਤੇ ਮੇਰੀ ਤਲਾਸ਼ੀ ਸ਼ੁਰੂ ਕਰ ਦਿਤੀ। ਉਸ ਨੇ ਪਿੰਡ ਵਿਚੋਂ ਆਦਮੀ ਇਕਠੇ ਕਰਕੇ ਖੇਤਾਂ ਵਿਚ ਛੱਡੇ, ਲਗੇ ਤਲਾਸ਼ੀ ਕਰਨ। ਮੈਂ ਇਕ ਸੱਣ ਦੇ ਖੇਤ ਵਿਚ ਬੈਠਾ ਸੀ, ਹਨੇਰਾ ਹੋ ਗਿਆ ਸੀ, ਇਹ ਸਾਰੇ ਲੋਕ ਬਨਿਆਂ ਤੇ ਫਿਰ ਕੇ ਰੌਲਾ ਪਾਈ ਗਏ, ਇਕ ਦੋ ਬੰਦੂਕਾਂ ਦੇ ਫਾਇਰ ਵੀ ਕੀਤੇ, ਮੈਂ ਬਹੁਤ ਹੀ ਘਬਰਾ ਗਿਆ ਇਕ ਤਾਂ ਸਾਰਾ ਦਿਨ ਦਾ ਭੁਖਾ ਸੀ ਉਤੋਂ ਇਹ ਧਾੜ ਆ ਗਈ। ਇਨ੍ਹਾਂ ਨੇ ਮੇਰੀ ਤਲਾਸ਼ੀ ਕੋਈ ਗਿਆਰਾ ਬਾਰਾਂ ਵਜੇ ਤਕ ਕੀਤੀ ਪਰ ਮੈਂ ਇਨ੍ਹਾਂ ਦੇ ਕਾਬੂ ਨਾ ਆ ਸਕਿਆ। ਇਹ ਧਾੜ ਆਖਰ ਚਲੀ ਗਈ ਫੇਰ ਮੈਂ ਖੇਤਾਂ ਵਿਚੋਂ ਬਾਹਰ ਕਿਸੇ ਵਾਹਣ ਵਿਚ ਸੌਂ ਗਿਆ, ਮੈਨੂੰ ਪਏ ਨੂੰ ਹੀ ਸੂਰਜ ਚੜ੍ਹ ਗਿਆ, ਪੈਰਾਂ ਤੋਂ ਨੰਗਾ ਸੀ, ਜੁਤੀ ਰਾਤ ਨੂੰ ਕਿਤੇ ਗੁਮ ਹੋ ਗਈ। ਇਕ ਗੜਵਾ [ਸਰਬ ਲੋਹ ਦਾ ਸੀ, ਉਹ ਵੀ ਕਿਤੇ ਡਿਗ ਪਿਆ। ਮੈਂ ਸਵੇਰੇ ਬਹੁਤ ਦੂਰ ਜਾ ਕੇ ਕਿਸੇ ਪੁਰਸ਼ ਨੂੰ ਪੁਛਿਆ; ਮੈਂ ਸਰਹਾਲ ਕਾਜੀਆਂ ਜਾਣਾ ਹੈ, ਕਿੰਨੀ ਕੁ ਦੂਰ ਹੈ। ਉਸ ਨੇ ਮੈਨੂੰ ਕਿਹਾ, ਏਥੋਂ ਵੀਹ ਮੀਲ ਹੈ, ਏਸੇ ਰਸਤੇ ਪੈ ਜਾਹ। ਮੈਂ ਨੰਗੀ ਪੈਰੀਂ ਤੁਰ ਪਿਆ, ਮੈਨੂੰ ਪਿਆਸ ਵੀ ਤੇ ਭੁਖ ਵੀ ਬੜੀ ਲਗੀ ਹੋਈ ਸੀ, ਮੇਰਾ ਖਿਆਲ ਸੀ ਕਿ ਮੈਂ ਪਿੰਡਾਂ ਤੋਂ ਬਾਹਰ ਬਾਹਰ ਦੀ ਜਾਵਾਂ, ਐਸਾ ਨਾ ਹੋਵੇ ਫੇਰ ਕੋਈ ਫੜ ਲਵੇ ਰਸਤੇ ਵਿਚ, ਗਰਮ ਰੇਤਾ ਸੀ ਮੇਰੇ ਪੈਰਾਂ ਵਿਚ ਛਾਲੇ ਪੈ ਗਏ। ਮੈਂ ਹਨੇਰੇ ਹੋਏ ਸਰਹਾਲ ਕਾਜੀਆਂ ਪੁਜਾ। ਉਥੇ ਇਕ ਜਥੇ ਦਾ ਸਿੰਘ ਅਰਜਨ ਸਿੰਘ ਖਿਲੂ ਕਰਕੇ ਕਿਹਾ ਕਰਦੇ ਸੀ, ਇਹ ਹਮੇਸ਼ਾਂ ਹਸਦਾ ਰਹਿੰਦਾ ਸੀ ਭਾਈ ਸਾਹਿਬ ਨੇ ਇਸ ਦਾਂ ਨਾਉਂ ਖਿਲੂ ਪਾ ਲਿਆ। ਮੈਂ ਇਨ੍ਹਾਂ ਦੇ ਘਰ ਗਿਆ ਤਾ ਅਰਜਨ ਸਿਘ ਹੋਰੀਂ ਘਰੇ ਹੀ ਸਨ। ਮੈਂ ਇਨ੍ਹਾਂ ਨੂੰ ਸਾਰਾ ਹਾਲ ਦਸਿਆ, ਇਨ੍ਹਾਂ ਨੇ ਕਿਹਾ ਤੁਸੀਂ ਕੁਝ ਦਿਨ ਮੇਰੇ ਪਾਸ ਠਹਿਰੋ, ਆਰਾਮ ਕਰੋ। ਸਾਡਾ ਮਕਾਨ ਵੀ ਪਿਡੋਂ ਬਾਹਰ ਹੀ ਹੈ। ਮੇਰੇ ਪੈਰਾਂ ਵਿਚ ਜ਼ਖਮ ਹੋ ਗਏ ਸਨ। ਮੇਰੀ ਇਨ੍ਹਾਂ ਨੇ ਹਛੀ ਤਰ੍ਹਾਂ ਸੇਵਾ ਕੀਤੀ, ਸੱਤ ਅੱਠ ਦਿਨ ਮੈਂ ਏਥੇ ਹੀ ਰਿਹਾ, ਜਦੋਂ ਮੈਨੂੰ ਪੂਰਾ ਆਰਾਮ ਆ ਗਿਆ ਤਾਂ ਮੈਨੂੰ ਅਰਜਨ ਸਿੰਘ ਹੋਰੀਂ ਰਾਹੋਂ ਕੇ ਪੱਤਣ ਤੇ ਛਡ ਆਏ, ਮੈਂ ਕਿਸ਼ਤੀ ਤੇ ਬੈਠ ਕੇ ਪਾਰ ਹੋ ਗਿਆ, ਸ਼ਾਮ ਤਕ ਝਾੜ ਸਾਹਿਬ



www.AKJ.Org

ਪਹੁੰਚ ਗਿਆ । ਦੂਸਰੇ ਦਿਨ ਮੈਂ ਘੜੂੰਏ ਪਹੁੰਚ ਗਿਆ। ਏਥੇ ਮੈਨੂੰ ਗਿਆਨੀ ਹਰਭਜਨ ਜੀ ਤੇ ਦਲੀਪ ਸਿੰਘ ਜੀ ਮਿਲ ਪਏ। ਘੜੂੰਏ ਅਸੀਂ ਹਫਤੇ ਦੇ ਕਰੀਬ ਬਿਜਲਾ ਸਿੰਘ ਦੇ ਘਰ ਰਹੇ। ਏਥੋਂ ਅਸੀਂ ਫਿਰ ਚਾਲੇ ਪਾ ਦਿਤੇ, ਅਸੀਂ ਰਾਤ ਨੂੰ ਪਿੰਡ ਹਰੀ ਪੁਰ ਜਾ ਠਹਿਰੇ, ਏਥੇ ਇਕ ਸਿੰਘ ਨਿਹਾਲ ਸਿੰਘ ਸਰਬ ਲੋਹੀ ਸੀ। ਏਥੇ ਗਿਆਨੀ ਦਲੀਪ ਸਿੰਘ ਜੀ ਕਹਿਣ ਲਗੇ, ਆਪਾਂ ਕੋਲ ਕਪੜੇ ਥੋੜੇ ਹਨ, ਪੈਸੇ ਵੀ ਨਹੀਂ ਹਨ, ਮੈਂ ਚਿਠੀ ਜਵਦੀ ਰਾਮ ਸਿੰਘ ਨੂੰ ਪਾਉਂਦਾ ਹਾਂ, ਉਹ ਸਾਡੇ ਘਰੋਂ ਲੈ ਕੇ ਦੇ ਜਾਵੇਗਾ। ਮੈਂ ਕਿਹਾ ਇਹ ਪੁਰਸ਼ ਖੁਫੀਆਂ ਪੁਲਸ ਦਾ ਹੈ, ਗਿਆਨੀ ਹਰਭਜਨ ਸਿੰਘ ਨੇ ਵੀ ਇਹੋ ਕਿਹਾ ਕਿ ਇਸ ਨੂੰ ਚਿਠੀ ਨਾ ਪਾਉ, ਇਹ ਆਪਾਂ ਨੂੰ ਫੜਾ ਦੇਵੇਗਾ ਪਰ ਗਿਆਨੀ ਦਲੀਪ ਸਿੰਘ ਜੀ ਨੇ ਸਾਡੀ ਕੋਈ ਗਲ ਨ ਸੁਣੀ ਜਵਦੀ ਰਾਮ ਸਿੰਘ ਨੂੰ ਖਤ ਪਾ ਦਿਤਾ, ਟਿਕਾਣਾ ਵੀ ਲਿਖ ਦਿਤਾ, ਰਾਜਪੁਰੇ ਦੇ ਪਾਸ ਕੋਈ ਜਗ੍ਹਾ ਸੀ।

ਦੂਜੇ ਜਾਂ ਤੀਜੇ ਦਿਨ ਜਵਦੀ ਵਾਲਾ ਰਾਮ ਸਿੰਘ ਪਹੁੰਚ ਗਿਆ, ਮੈਂ ਉਸ ਨੂੰ ਨਾ ਮਿਲਿਆ, ਇਨ੍ਹਾਂ ਦੋਹਾ ਨੂੰ ਜਫੀ ਵਿਚ ਲੈ ਕੇ ਪਖੰਡ ਕਰਨ ਲਗ ਪਿਆ, ਰੋਣ ਲਗ ਪਿਆ, ਕਹਿਣ ਲਗਾ ਹੁਣ ਤਾਂ ਮੈਂ ਕੁਝ ਨਹੀਂ ਲਿਆ ਇਆ, ਕੋਈ ਹੋਰ ਟਿਕਾਣਾ ਦਸੋ, ਓਥੇ ਮੈਂ ਤੁਹਾਡੇ ਵਾਸਤੇ ਕਪੜੇ ਵੀ ਲਿਆਵਾਂਗਾ। ਦਲੀਪ ਸਿੰਘ ਜੀ ਨੇ ਦਸ ਦਿਤਾ ਕਿ ਅਸੀਂ ਫਲਾਣੀ ਤਾਰੀਖ ਨੂੰ ਰਾਮ ਪੁਰ ਫੂਲ ਦੇ ਸਟੇਸ਼ਨ ਤੇ ਹੋਵੇਗੇ ਤੂੰ ਉਥੇ ਪਹੁੰਚ ਜਾਵੀਂ। ਅਸੀਂ ਹਰੀ ਪੁਰ ਤੋਂ ਰਾਜਪੁਰਾ ਲੰਘ ਕੇ ਨੀਲ ਪੁਰ ਜਾ ਠਹਿਰੇ। ਓਥੋਂ ਤੁਰ ਕੇ ਬਹਾਦਰ ਗੜ੍ਹ ਕਿਲੇ ਪਾਸ ਇਕ ਗੁਰਦਵਾਰਾ ਨੌਵੀਂ ਪਾਤਸ਼ਾਹੀ ਦਾ ਹੈ, ਓਥੇ ਰਾਤ ਕੱਟੀ। ਓਥੋਂ ਚੱਲ ਕੇ ਰਿਆਸਤ ਨਾਭੇ ਵਿਚ ਇਕ ਪਿੰਡ ਮਲੇ ਵਾਲ ਹੈ ਓਥੇ ਰਾਤ ਰਹੇ। ਉਥੋਂ ਚੱਲ ਕੇ ਧੂਰੀ ਦੇ ਪਾਸ ਕੋਈ ਪਿੰਡ ਸੀ, ਓਥੇ ਜਾ ਠਹਿਰੇ। ਮੈਂ ਗਿਆਨੀ ਹਰਭਜਨ ਸਿੰਘ ਜੀ ਨੂੰ ਅਤੇ ਭਾਈ ਦਲੀਪ ਸਿੰਘ ਜੀ ਨੂੰ ਕਿਹਾ, ਏਥੇ ਮੇਰੇ ਨਾਨਕੇ ਨੇੜੇ ਹਨ, ਮੈਂ ਮਿਲ ਆਵਾਂ। ਮੈਂ ਪਿੰਡ ਭੰਮਾ ਬਦੀ, ਮਸਤੂਆਣੇ ਦੇ ਕੋਲ ਹੀ ਹੈ, ਜਾ ਪਹੁੰਚਿਆ ਮੈਂ ਆਪਣੇ ਮਾਮੇ ਨੂੰ ਸਾਰਾ ਵਿਰਤਾਂਤ ਦਸਿਆ ਮੇਰੀ ਇਹ ਹਾਲਤ ਹੈ। ਉਨ੍ਹਾਂ ਨੇ ਦਸਿਆ, ਪੁਲਸ ਤੇਰੀ ਤਲਾਸ਼ ਵਿਚ ਫ਼ਿਰਦੀ ਹੈ, ਅਗੇ ਸਾਨੂੰ ਪੁਛ ਗਿਛ ਕਰ ਗਏ ਹਨ, ਤੂੰ ਪ੍ਰਸ਼ਾਦ ਛਕ ਕੇ ਮਸਤੂਆਣੇ ਜਾ ਠਹਿਰ, ਏਥੇ ਪਿੰਡ ਦੇ ਲੋਕ ਤੈਨੂੰ ਜਾਣਦੇ ਹਨ। ਐਸਾ ਨਾ ਹੋਵੇ ਕੋਈ ਫ਼ੜਾ ਦੇਵੇ। ਦੂਜੇ ਦਿਨ ਹੀ ਫ਼ੇਰ ਪੁਲਸ ਮੇਰੇ ਮਾਮੇ ਕੋਲ ਆਈ, ਪੁਛਣ ਲਗੀ ਸੁਰਜਨ ਸਿੰਘ ਕਿਤੇ ਤੁਹਾਡੇ ਘਰ ਤਾਂ ਨਹੀਂ। ਮੇਰੇ ਮਾਮੇ ਨੇ ਕਿਹਾ ਘਰ ਖੁਲ੍ਹਾ ਹੈ ਜੇ ਸੁਰਜਨ ਸਿੰਘ ਏਥੇ ਹੈ ਤਾਂ ਫੜ ਲਵੋ ਮੈਂ ਪਹਿਲਾਂ ਹੀ ਮਸਤੂਆਣੇ ਪਹੁੰਚ ਚੁਕਾ ਸਾਂ। ਕੁਝ ਦੇਰ ਤੋਂ ਬਾਦ ਜਦੋਂ ਪੁਲਸ ਚਲੀ ਗਈ ਤਾਂ ਮੇਰਾ ਮਾਮਾ ਮੇਰੇ ਕੋਲ ਆਇਆ ਕਹਿਣ ਲਗਾ, ਪੁਲਸ ਤੇਰੀ ਤਲਾਸ਼ ਵਿਚ ਹੈ, ਕਿਸੇ ਨੇ ਇਨ੍ਹਾਂ ਨੂੰ ਦਸ ਦਿਤਾ ਹੈ, ਸੁਰਜਨ ਸਿੰਘ ਭੰਮਾ ਵਦੀ ਆਪਣੇ ਨਾਨਕੇ ਪਹੁੰਚ ਗਿਆ ਹੈ ਤਾਂ ਹੀ ਇਹ ਏਥੇ ਆਏ ਹਨ। ਹੁਣ ਤੂੰ ਏਥੋਂ ਵੀ ਚਲਾ ਜਾ। ਮੈਂ ਰਾਤ ਦੀ ਗੱਡੀ ਸੰਗਰੂਰ ਤੋਂ ਬੈਠ ਕੇ ਛਪਾਰ ਜਾ ਉਤਰਿਆ, ਓਥੋਂ ਤੁਰ ਕੇ ਪਿੰਡ ਗੁਜਰਵਾਲ ਭਾਈ ਰਾਮ ਸਿੰਘ ਦੇ ਘਰ ਚਲਾ ਗਿਆ।। ਇਨ੍ਹਾਂ ਦਾ ਘਰ ਪਿੰਡੋਂ ਬਾਹਰ ਸੀ। ਭਾਈ ਰਾਮ ਸਿੰਘ ਨੇ ਕਿਹਾ ਕੋਈ ਗਲ ਨਹੀਂ, ਮੈਂ ਭਾਈ ਰਾਮ ਸਿੰਘ ਦੇ ਘਰੋਂ ਰਾਤ ਨੂੰ ਆਪਣੇ ਘਰ ਚਲਾ



www.AKJ.Org

ਗਿਆ। ਸਾਡੀ ਸਿੰਘਣੀ ਜੁਗਿੰਦਰ ਕੌਰ ਮੈਨੂੰ ਦੇਖ ਕੇ ਬਹੁਤ ਹੈਰਾਨ ਹੋਈ, ਕਹੇ ਕਿ ਤੁਸੀਂ ਘਰ ਕਿਉਂ ਆ ਗਏ ਹੋ, ਏਥੇ ਪੁਲਸ ਕਈ ਦਫ਼ਾ ਪੁਛ ਗਈ ਹੈ। ਮੈਂ ਕਿਹਾ ਹੁਣ ਤੂੰ ਇਉਂ ਕਰ ਤੂੰ ਆਪਣਾ ਲਕਾ ਤੁਕਾ ਸਾਰਾ ਚੁਬਾਰੇ ਵਿਚ ਲੈ ਜਾਹ, ਨੀਚੇ ਮੈਂ ਰਹਾਂਗਾ, ਤੂੰ ਬਾਹਰੋਂ ਤਾਲਾ ਲਾ ਛਡੀਂ। ਮੈਂ ਆਪਣੇ ਅੰਦਰ ਹੀ ਇਕ ਭੋਰਾ ਪਟ ਲਿਆ, ਉਸ ਵਿਚ ਰਹਿਣ ਲਗ ਪਿਆ। ਰਾਤ ਨੂੰ ਬਾਰਾਂ ਵਜੇ ਮਦਾਨ ਜਾ ਆਵਾਂ ਤੇ ਨਾਲੇ ਇਸ਼ਨਾਨ ਕਰ ਆਵਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਭੋਗ ਇਕ ਮਹੀਨੇ ਵਿਚ ਪਾਏ, ਅੰਦਰ ਭੋਰੇ ਵਿਚ ਹੀ ਪ੍ਰਕਾਸ਼ ਕਰ ਲਿਆ ਸੀ। ਏਸੇ ਤਰ੍ਹਾਂ ਇਕ ਮਹੀਨਾਂ ਮੈਂ ਆਪਣੇ ਘਰ ਅੰਦਰ ਹੀ ਲੁਕਿਆ ਰਿਹਾ, ਮੈਨੂੰ ਕਿਸੇ ਨੇ ਨਹੀਂ ਦੇਖਿਆ। ਇਕ ਦਿਨ ਰਾਤ ਨੂੰ ਭਾਈ ਰਾਮ ਸਿੰਘ ਜੀ ਸਾਡੇ ਘਰ ਆ ਕੇ ਕਹਿਣ ਲਗੇ, ਹੁਣ ਤੂੰ ਲਾਹੌਰ ਜਾ ਕੇ ਆਪੇ ਹੀ ਅਦਾਲਤ ਵਿਚ ਪੇਸ਼ ਹੋ ਜਾਹ, ਪੁਲਸ ਦੀ ਮਾਰ ਕੁਟ ਦਾ ਵਕਤ ਲੰਘ ਗਿਆ ਹੈ। ਤੁਹਾਡਾ ਮੁਕਦਮਾਂ ਲਾਹੌਰ ਸੈਂਟਰ ਜੇਲ੍ਹ ਵਿਚ ਲਗਾ ਹੈ ਤੇ ਤਿੰਨ ਜੱਜ ਮੁਕਰਰ ਹੋਏ ਹਨ, ਤੂੰ ਸਿਧਾ ਸੈਂਟਰ ਜੇਲ੍ਹ ਨੂੰ ਚਲਾ ਜਾਹ, ਅੰਦਰ ਕਿਨਾਂ ਕੁ ਚਿਰ ਲੁਕਿਆ ਰਹੇਂਗਾ। ਮੈਂ ਰਾਮ ਸਿੰਘ ਦੀ ਗਲ ਮਨ ਕੇ ਰਾਤ ਦੀ ਗਡੀ ਕਿਲਾ ਰਾਏ ਪੁਰੋਂ ਚੜ੍ਹ ਕੇ ਲਾਹੌਰ ਪਹੁੰਚ ਗਿਆ ਸਟੇਸ਼ਨ ਤੋਂ ਤੁਰ ਕੇ ਸੈਂਟਰ ਜੇਲ੍ਹ ਦੇ ਮੋਹਰੇ ਜਾ ਬੈਠਾ, ਇਕ ਦੋ ਜੇਹਲ ਦੇ ਅਫ਼ਸਰਾਂ ਨੂੰ ਮੈਂ ਕਿਹਾ ਮੈਨੂੰ ਪਤਾ ਲਗਾ ਹੈ ਏਥੇ ਸੈਂਟਰ ਜੇਲ੍ਹ ਦੇ ਵਿਚ ਪਲੀਟੀਕਲ ਮੁਕਦਮਾਂ ਚਲ ਰਿਹਾ ਹੈ, ਮੇਰਾ ਵੀ ਕਿਸੇ ਸਰਕਾਰੀ ਉਗਾਹ ਨੇ ਨਾਉਂ ਲੈ ਦਿਤਾ ਹੈ, ਮੈਂ ਪਿੰਡ ਨਹੀਂ ਸੀ, ਪਤਾ ਲਗਾ ਹੈ ਕਿ ਮੈਨੂੰ ਵੀ ਪੁਲਸ ਟੋਲਦੀ ਫਿਰਦੀ ਹੈ। ਉਨ੍ਹਾਂ ਜੇਲ੍ਹ ਵਾਲਿਆਂ ਨੇ ਮੇਰੀ ਕੋਈ ਗਲ ਨਹੀਂ ਸੁਣੀ, ਕਹਿਣ ਲਗੇ ਐਵੇਂ ਕੋਈ ਪਾਗਲ ਹੈ। ਇਹ ਕਿਵੇਂ ਆਪਣੇ ਆਪ ਆ ਗਿਆ ਹੈ। ਏਸ ਮੁਕਦਮੇਂ ਵਾਲਿਆਂ ਨੂੰ ਤਾਂ ਫਾਂਸੀ ਹੁੰਦੀ ਹੈ ਜਾਂ ਉਮਰ ਕੈਦ, ਇਹ ਐਵੇਂ ਕੋਈ ਝੱਲਾ ਹੈ। ਫ਼ੇਰ ਮੈਂ ਇਕ ਅੰਗਰੇਜ਼ ਨੂੰ ਦੇਖ ਕੇ ਇਹੋ ਕਹੀ, ਉਹ ਅੰਗਰੇਜ਼ ਮੇਰਾ ਨਾਮ ਪੁਛ ਕੇ ਅੰਦਰ ਗਿਆ, ਪਤਾ ਕਰਕੇ ਫ਼ੌਰਨ ਬਾਹਰ ਆ ਗਿਆ, ਤੇ ਮੈਨੂੰ ਕਹਿਣ ਲਗਾ ਆਪ ਨੇ ਬਹੁਤ ਅਛਾ ਕੀਤਾ, ਆਪ ਖ਼ੁਦ ਆ ਗਏ ਹੋ, ਮੇਰੀ ਤਲਾਸ਼ੀ ਕਰਕੇ ਮੈਨੂੰ ਜੇਹਲ ਦੇ ਅੰਦਰ ਪੁਲਸ ਵਾਲੇ ਕਮਰੇ ਵਿਚ ਲੈ ਵੜਿਆ। ਓਥੇ ਪੁਲਸ ਦੇ ਬਹੁਤ ਸਾਰੇ ਆਦਮੀ ਬੈਠੇ ਸਨ। ਮੈਂ ਜਾ ਕੇ ਭੁੰਜੇ ਹੀ ਬੈਠ ਗਿਆ। ਮੈਨੂੰ ਇਕ ਪੁਲਸ ਅਫਸਰ ਕਹਿਣ ਲਗਾ, ਨਹੀਂ ਨਹੀਂ ਆਪ ਕੁਰਸੀ ਪਰ ਬੈਠੋ। ਮੈਨੂੰ ਪੁਲਸ ਵਾਲਿਆਂ ਨੇ ਮਲੋ ਮਲੀ ਕੁਰਸੀ ਤੇ ਬਿਠਾ ਦਿਤਾ। ਮੇਰੇ ਪਾਸ ਕਈ ਸੀ: ਆਈ: ਡੀ: ਦੇ ਆਦਮੀ ਆਏ, ਕੋਈ ਕੁਛ ਪੁਛੇ, ਕੋਈ ਕੁਛ ਕਹੇ। ਮੈਂ ਸਾਰੀਆਂ ਗਲਾਂ ਤੇ ਪੋਚਾ ਹੀ ਫ਼ੇਰੀ ਜਾਵਾਂ। ਆਖਰ ਜਦੋਂ ਮੈਂ ਕੁਝ ਨਾ ਮੰਨਿਆ ਤਾ ਮੈਨੂੰ ਹੱਥ ਕੜੀਆਂ ਲਾਕੇ ਜਿਥੇ ਜੱਜਾਂ ਦਾ ਕਮਰਾ ਸੀ, ਓਥੇ ਲੈ ਗਏ। ਜਿਥੇ ਸਾਰੇ ਸਿੰਘਾਂ ਨੂੰ ਹੱਥ ਕੜੀਆਂ ਲਗੀਆ ਹੋਈਆਂ ਸਨ ਓਥੇ ਮੈਨੂੰ ਵੀ ਦਾਖਲ ਕਰ ਦਿਤਾ। ਏਥੇ ਹੀ ਸ੍ਰੀ ਮਾਨ ਭਾਈ ਰਣਧੀਰ ਸਿੰਘ ਜੀ ਨੂੰ ਵੀ ਹਥਕੜੀ ਲਾਈ ਹੋਈ ਸੀ, ਖ਼ੂਬ ਸਾਰੇ ਸਿੰਘਾਂ ਨੂੰ ਮਿਲੇ, ਕੋਈ ਸਿੰਘ ਤਾਂ ਕਹੇ ਕਿ ਤੂੰ ਆਪੇ ਕਿਉਂ ਆ ਗਿਆ ਹੈਂ, ਕੋਈ ਕਹੇ ਚੰਗਾ ਕੀਤਾ ਆ ਗਿਆ ਹੈਂ, ਸਾਰੀ ਉਮਰ ਲੁਕਣਾ ਵੀ ਔਖਾ ਹੈ। ਏਥੇ ਸੈਂਟਰ ਜੇਲ੍ਹ ਦੇ ਵਿਚ ਸਾਡਾ ਕੇਸ ਚਲਦਾ ਰਿਹਾ ਫ਼ੇਰ ਸਾਨੂੰ ਸਾਰਿਆਂ ਨੂੰ ਉਮਰ ਕੈਦ ਹੋ ਗਈ। ਇਹ ਸਾਰਾ ਬਿਰਤਾਂਤ ਸ੍ਰੀਮਾਨ ਭਾਈ ਸਾਹਿਬ ਜੀ ਨੇ ਜੇਲ੍ਹ ਚਿਠੀਆਂ ਵਿਚ ਲਿਖਿਆ ਹੋਇਆ ਹੈ।

ਚਲਦਾ


www.AKJ.Org

ਸਚ ਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂੰਹ ਅਖੰਡ ਕੀਰਤਨੀ ਜਥਿਆਂ ਵਲੋਂ

# ਗੁਰੂ ਨਾਨਕ ਸਾਹਿਬ ਦਾ ਗੁਰਪੁਰਬ ਜਲੰਧਰ ਵਿਖੇ

ਬੜੀ ਸਜ ਧਜ ਨਾਲ ਮਨਾਇਆ ਜਾ ਰਿਹਾ ਹੈ

## ਪਰੋਗਰਾਮ

੨੬-੧੧-੬੬--ਸਨਿਚਰਵਾਰ ਸਵੇਰੇ ੩ ਵਜੇ ਤੋਂ ੮ ਵਜੇ ਤਕ ਕੀਰਤਨ ਆਸਾ ਜੀ ਦੀ ਵਾਰ ਉਪ੍ਰੰਤ ਪਰਾਰੰਭ ਸ੍ਰੀ ਅਖੰਡ ਪਾਠ ਗੁਰਦਵਾਰਾ ਸਰਾਜ ਗੰਜ (ਗੁਰੂ ਨਾਨਕਪੁਰਾ) ਨਕੋਦਰ ਅਡਾ ਜਲੰਧਰ ਸ਼ਹਿਰ

੨੬-੧੧-੬੬ ਸ਼ਾਮ: ੬ ਵਜੇ ਤੋਂ ੯—੩੦ ਬਜੇ ਤਕ ਅਖੰਡ ਕੀਰਤਨ ਗੁਰਦਵਾਰਾ ਕਾਕੀ ਪਿੰਡ ਨੇੜੇ ਰੇਲਵੇ ਫਾਟਕ ਹੁਸ਼ਿਆਰਪੁਰ ਜਲੰਧਰ ਛਾਉਣੀ।

੨੭-੧੧-੬੬ ਸਵੇਰੇ ਕੀਰਤਨ ਆਸਾ ਜੀ ਦੀ ਵਾਰ ੪ ਤੋਂ ੧੨ ਵਜੇ ਤਕ ਗੁਰਦਵਾਰਾ ਦੁਆਬਾ ਸ੍ਰੀ ਗੁਰੂ ਸਿੰਘ ਸਭਾ ਅਡਾ ਹੁਸ਼ਿਆਰਪੁਰ ਜਲੰਧਰ ਸ਼ਹਿਰ

੨੭—੧੧—੬੬ ਸ਼ਾਮ-੬ ਤੋਂ ੯—੩੦ ਵਜੇ ਤਕ ਅਖੰਡ ਕੀਰਤਨ ਅਡਾ ਨਕੋਦਰ ਦੇ ਪਿਛਲੇ ਪਾਸੇ ਖੁਲੇ ਅਸਥਾਨ ਤੇ (ਨੇੜੇ ਕੋਠੀ ਸ੍ਰ ਸੰਤੋਖ ਸਿੰਘ)

੨੮—੧੧—੬੬ ਸਵੇਰੇ ਸਮਾਪਤੀ ਅਖੰਡ ਪਾਠ ਉਪਰੰਤ ਕੀਰਤਨ ਆਸਾ ਦੀਵਾਰ ੬ ਵਜੇ ਤੋਂ ੧੨ ਵਜੇ ਤਕ ਪੰਡਾਲ ਅਸਥਾਨ ਨਕੋਦਰ ਅਡੇ ਦੇ ਪਿਛਲੇ ਪਾਸੇ।

(ਕੀਰਤਨ ਰੈਣ ਸਬਾਈ)

੨੮—੧੧-੬੬ ਨੂੰ ਰੈਣ ਸਬਾਈ ਕੀਰਤਨ ਠੀਕ ੮ ਵਜੇ ਅਰੰਭ ਹੋਵੇਗਾ ਜਿਸ ਦਾ ਭੋਗ ੨੯—੧੧ ੬੬ ਨੂੰ ਸਵੇਰੇ ੮ ਵਜੇ ਪਵੇਗਾ ਅਮ੍ਰਿਤ ਸੰਚਾਰ ੨੮—੧੧—੬੬ ਨੂੰ ਦਿਨ ਦੇ ਦੋ ਵਜੇ ਅਰੰਭ ਹੋਵੇਗਾ ਅਭਿਲਾਖੀ ਜਨ ਸ਼ਸਤਰ ਬਸਤਰ ਸਜਾ ਕੇ ਪੁਜਨ।

ਨੋਟ: ਹਿੰਦੁਸਤਾਨ ਦੇ ਕੁਲ ਜੱਥੇ ਦੇ ਸਿੰਘਾਂ ਅਗੇ ਜੋਦੜੀ ਹੈ। ਕਿ ਉਪਰੋਕਤ ਸਮਾਗਮ ਦੀਆਂ ਤਾਰੀਖਾਂ ਵਿਚ ਕਿਤੇ ਵੀ ਕੋਈ ਹੋਰ ਸਮਾਗਮ, ਅਖੰਡ ਪਾਠ ਜਾਂ ਅਨੰਦ ਕਾਰਜ ਆਦਿ ਨਾ ਰਖੇ ਜਾਣ ਤਾਕਿ ਅਸੀਂ ਸਾਰੇ ਇਕਠੇ ਹੋ ਕੇ ਗੁਰੂ ਨਾਨਕ ਸਾਹਿਬ ਦੀ ਗੋਦ ਵਿਚ ਬੈਠਕੇ ਕੀਰਤਨ ਦੇ ਲਾਹੇ ਲੈ ਸਕੀਏ।

ਨੋਟ: ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ ਸ੍ਰ ਸੰਤੋਖ ਸਿੰਘ ਦੀ ਕੋਠੀ ਅਡਾ ਨਕੋਦਰ ਦੇ ਪਿਛਲੇ ਪਾਸੇ ਹੋਵੇਗਾ।

ਨੋਟ: ਬਾਹਰੋਂ ਆਉਣ ਵਾਲੀਆਂ ਸੰਗਤਾਂ ਲੋੜ ਅਨੁਸਾਰ **ਬਿਸਤਰੇ** ਜ਼ਰੂਰ ਲਿਓਣ ਦੀ ਖੇਚਲ ਕਰਨ।

ਨੋਟ: ਪਰੋਗਰਾਮ ਵਿਰ ਲੋੜ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ।

ਅਖੰਡ ਕੀਰਤਨੀ ਜੱਥਾ
ਜਲੰਧਰ



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ੧ ਜੇਲ੍ਹ ਚਿੱਠੀਆਂ | ੫.੦੦ |
| ੨. ਗੁਰਮਤ ਨਾਮ ਅਭਿਆਸ ਕਮਾਈ | ੨.੫੦ |
| ੩. ਗੁਰਮਤ ਲੇਖ | ੨.੫੦ |
| ੪. ਗੁਰਮਤ ਬਿਬੇਕ | ੩.੦੦ |
| ੫. ਸੱਚਖੰਡ ਦਰਸ਼ਨ | ੦.੭੫ |
| ੬ ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧.੦੦ |
| ੭. ਚਰਨ ਕਮਲ ਕੀ ਮਉਜ | ੦.੮੮ |
| ੮. ਅਣਡਿਠੀ ਦੁਨੀਆਂ (ਛਪ ਰਹੀ ਹੈ) | ... |
| ੯. ਕਰਮ ਫਿਲਾਸਫੀ | ... |
| ੧੦. ਅਨਹਦ ਸ਼ਬਦ ਦਸਮ ਦੁਆਰ | ੨.੫੦ |
| ੧੧. ਗੁਰਮਤ ਸਚ ਨਿਰਣੇ | ... |
| ੧੨. ਅੰਮ੍ਰਿਤ ਕਲਾ | ੦.੪੦ |
| ੧੩. ਅੰਮ੍ਰਿਤ ਕੀ ਹੈ ? | ੦.੩੦ |
| ੧੪. ਸੁਪਨਾ | ... |
| ੧੫. ਬਾਬਾ ਵੈਦ ਰੋਗੀਆਂ ਦਾ | ੦.੨੦ |
| ੧੬. ਗਯਾਨ ਚਾਨਣਾ | ... |
| ੧੭, ਹਉਮੈ ਨਾਵੈ ਨਾਲਿ ਵਿਰੋਧ | ੦.੨੦ |
| ੧੮. ਦਰਸ਼ਨ ਝਲਕਾਂ (ਕਵਿਤਾ) | ... |
| ੧੯. ਜੋਤਿ ਵਿਗਾਸ (ਕਵਿਤਾ) | ... |
| ੨੦. ਕਥਾ ਕੀਰਤਨ | ੨.੦੦ |
| ੨੧. ਰੰਗਲੇ ਸਜਣ | ੨.੫੦ |
| ੨੨. ਸਿਖ ਕੌਣ ਹੈ ? | ੦.੧੫ |
| ੨੩. ਆਸਤਕ ਨਾਸਤਕ | ੦.੧੨ |
| ੨੪. ਕੋ ਵਿਰਲਾ ਗੁਰਮਤਿ ਚਲੈ | ੦.੨੦ |
| ੨੫. ਸਚੀਆਂ ਦਾਹੜੀਆਂ | ੦.੧੨ |
| ੨੬. ਸੰਤ ਪਦ ਨਿਰਣੈ | ੨.੨੫ |
| ੨੭. ਗੁਰਮਤ ਰਮਜ਼ਾਂ | ੦.੬੨ |
| ੨੮. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ | ... |
| ੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦.੧੦ |
| ੩੦. ਸਿੰਘਾਂ ਦਾ ਪੰਥ ਨਿਰਾਲਾ | ੦.੪੦ |
| ੩੧. ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦.੨੦ |
| ੩੨. ਵਾਹਿਗੁਰੂ ਸਿਮਰਣ | ... |
| ੩੩. ਗੁਰਮਤ ਪ੍ਰਕਾਸ਼ | ੧.੫੦ |
| ੩੪. ਸਿਖੀ ਸਿਦਕ ਤੇ ਧਰਮ ਰਖਿਆ | ੦.੨੦ |
| ੩੫. ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ | ੦.੩੦ |
| ੩੬. ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੧.੪੦ |
| ੩੭. ਗੁਰਮਤ ਵੀਚਾਰ | ੦.੮੦ |
| ੩੮. ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦.੭੫ |
| ੩੯. ਨਾਮ ਸ਼ਬੰਦੀ ਵਿਚਾਰ | ੦.੫੦ |


## ਮਾਸਕ ਪੱਤਰ ਸੂਰਾ ਪਟਿਆਲਾ

### ਦਾ ਸਾਲਾਨਾ ਚੰਦਾ

**ਗੁਰਪੁਰਬ** **ਨੰਬਰ**

| | |
|---|---|
| ਦੇਸ਼ | ੫.੦੦ |
| ਪ੍ਰਦੇਸ | ੭.੦੦ |
| ਇਕ ਪਰਚਾ | ੦.੫੦ |

—ਮੈਨੇਜਰ


ਚੀਫ਼ ਪ੍ਰਿੰਟਿੰਗ ਪ੍ਰੈਸ, ਗਊਸ਼ਾਲਾ ਰੋਡ, ਪਟਿਆਲਾ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਪ੯੪-੩, ਖਾਲਸਾ ਮਹੱਲਾ, ਪਟਿਆਲਾ ਤੋਂ ੫ ਨਵੰਬਰ ੧੯੬੬ ਨੂੰ ਪ੍ਰਕਾਸ਼ਕ ਕੀਤਾ ।

www.AKJ.Org